# CHRONOLOGY OF THE VOYAGE OF THE KOMAGATA MARU IN 1914

| | |
|---|---|
| 13 February | Baba Gurdit Singh announced prospectus of a charter ship to leave for Canada. |
| 25 March | Baba Gurdit Singh took over the *Komagata Maru* (*Guru Nanak Jahaz*) ship. |
| 4 April | 10:00 A.M. *Komagata Maru* sailed from Hong Kong. |
| 8 April | *Komagata Maru* reached Shangai, China. |
| 19 April | *Komagata Maru* stopped at Moji, 210 Kilometers from Nagasaki, Japan. |
| 2 May | *Komagata Maru* left Yokohama with a total of 376 passengers (340 Sikhs, 24 Muslims, 12 Hindus). |
| 21 May | 8:00 A.M. *Komagata Maru* arrived on South-Western shore of Vancouver Island. |
| 22 May | *Komagata Maru* arrived in Victoria and then went to William's Head. |
| 23 May | In the early hours *Komagata Maru* anchored on the far side of the Burrard Inlet near Pier A (foot of Burrard Street, directly west of Canada Place.) |
| 26 May | Some passengers allowed to land. |
| 1 June | Board of Inquiry hearings. Passengers represented by Edward J. Bird. |
| 3 June | $5 000 cash and $50 000 in pledges was raised at a meeting called by the Khalsa Diwan Society. Immigration officials were removed from the ship. |
| 6 June | Baba Gurdit Singh appealed that authorities send food for the starving passengers. |
| 9 June | A total of 34 "return men" were allowed to land. |
| 16 June | Captain Yamamoto asked to move *Komagata Maru* to a new berth 275 meters up the inlet. |
| 21 June | A mass rally to protest media coverage was held in Vancouver. |
| 24 June | Shortage of food, water etc., on the ship. |
| 25 June | A test case was brought before Mr. Justice Murphy. |
| 27 June | Water was pumped on board. |
| 28 June | Meeting of The Board Of Inquiry. |
| 5 July | Court of Appeal upheld Justice Murphy's decision. |
| 9 July | Food and water transported to the *Komagata Maru.* |
| 17 July | Clearance and Deportation papers prepared. |
| 18 July | Canadian police attacked the ship to get forcible possession of it. They were beaten back by unarmed passengers. |
| 19 July | Passengers took over ship. Mutiny on board. |
| 21 July | 7:00 A.M. Militia of 204 took position just south of Pier A at the Western end of the C.P.R. dock. Cruiser HMCS *Rainbow* anchored a few hundred yards south west of the *Komagata Maru.* |
| 23 July | 5:10 A.M. *Komagata Maru* pulled away with 354 passengers, escorted by *HMCS Rainbow*, towboat *SeaLion* and two launches *Winimac* and *Mary Ellen* . |
| 16 August | *Komagata Maru* reached Yokohama. |
| 18 August | *Komagata Maru* left for Kobe. |
| 21 August | *Komagata Maru* arrived in Kobe. |
| 3 September | *Komagata Maru* sailed from Kobe. |
| 19 September | *Komagata Maru* left Singapore. |
| 29 September | *Komagata Maru* reached Budge Budge, near Calcutta, India. 24 men were killed. |

Compiled by: Kanwal Inder Singh Neel
May, 1989

KOMAGATA MARU

75TH ANNIVERASRY

On May 23, 1914, 376 British Subjects (12 Hindus, 24 Muslims and 340 Sikhs) of Indian origin arrived in Vancouver Harbour aboard the Komagata Maru, seeking to enter Canada. 353 of the passengers were denied entry and forced to depart on July 23, 1914. This plaque commemorates the 75th anniversary of that unfortunate incident of racial discrimination and reminds Canadians of our commitment to an open society in which mutual respect and understanding are honoured, differences are respected, and traditions are cherished. (82 words)

* * * * * * *

January 10, 1990

# *KOMAGATA MARU INCIDENT*
# *75TH ANNIVERSARY*

Dedicated to the memory of the 376 passengers (340 Sikhs, 24 Muslims, 12 Hindus) who arrived at Burrard Inlet, Vancouver on May 23, 1914 from the Indian sub-continent on the ship *Komagata Maru (Guru Nanak Jahaz)*. Due to the racist immigration policy of the Dominion of Canada, they were forced to leave on July 23, 1914. The Khalsa Diwan Society pays respect on the commemoration of this reprehensible incident.

July 23, 1989.

ਕਾਮਾਗਾਟਾ ਮਾਰੂ(ਗੁਰੂ ਨਾਨਕ ਜਹਾਜ਼)ਦੇ 376 ਮੁਸਾਫਿਰਾਂ(340 ਸਿਖ,24 ਮੁਸਲਮਾਨ ਤੇ 12 ਹਿੰਦੂ) ਦੀ ਦਰਦਨਾਕ ਘਟਨਾ ਦੀ 75ਵੀਂ ਵਰ੍ਹੇ ਗੰਢ ਦੀ ਯਾਦ ਨੂੰ ਸਮਰਪਤ ,ਇਹ ਸਮੁੰਦਰੀ ਜਹਾਜ਼ ਮਈ 23,1914 ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਪੁੱਜਿਆ ;ਪਰ ਕੈਨੇਡਾ ਦੇ ਨਸਲੀ ਵਿਤਕਰੇ ਦੀ ਨੀਤੀ ਕਾਰਣ ਜੁਲਾਈ 23,1914 ਨੂੰ ਮਜ਼ਬੂਰਨ ਵਾਪਸ ਪਰਤਣਾ ਪਿਆ।

23 ਜੁਲਾਈ 1989

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ

ਕਾਮਾਗਾਟਾ ਮਾਰੂ(ਗੁਰੂ ਨਾਨਕ ਜਹਾਜ਼)ਦੇ 376 ਮੁਸਾਫਿਰਾਂ(340 ਸਿਖ,24 ਮੁਸਲਮਾਨ ਤੇ 12 ਹਿੰਦੂ) ਦੀ ਦਰਦਨਾਕ ਘਟਨਾ ਦੀ 75ਵੀਂ ਵਰ੍ਹੇ ਗੰਢ ਦੀ ਯਾਦ ਨੂੰ ਸਮਰਪਤ ,ਇਹ ਸਮੁੰਦਰੀ ਜਹਾਜ਼ ਮਈ 23,1914 ਨੂੰ ਵੈਨਕੂਵਰ ਦੀ ਬੰਦਰਗਾਹ 'ਤੇ ਪੁੱਜਿਆ ;ਪਰ ਕੈਨੇਡਾ ਦੇ ਨਸਲੀ ਵਿਤਕਰੇ ਦੀ ਨੀਤੀ ਕਾਰਣ ਜੁਲਾਈ 23,1914 ਨੂੰ ਮਜ਼ਬੂਰਨ ਵਾਪਸ ਪਰਤਣਾ ਪਿਆ।

23 ਜੁਲਾਈ 1989

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ

# 75 ਵਰ੍ਹਿਆਂ ਪਹਿਲਾਂ ਦੇ ਸਾਕੇ ਵਾਲੀ ਥਾਂ ਤੇ ਮੁੜ ਰੌਣਕਾਂ
# ਕਾਮਾਗਾਟਾ ਮਾਰੂ ਦਿਵਸ ਮਨਾਇਆ ਗਿਆ



ਵੈਨਕੂਵਰ - ਅੱਜ ਤੋਂ ਠੀਕ 75 ਵਰ੍ਹੇ ਪਹਿਲਾਂ ਉਸ ਸਾਕੇ ਦੀ ਯਾਦ ਉਸੇ ਥਾਂ ਤੇ ਤਾਜ਼ਾ ਕੀਤੀ ਗਈ ਜਿੱਥੇ 1914 ਵਿੱਚ ਕਾਮਾਗਾਟਾ ਮਾਰੂ ਦੇ 376 ਮੁਸਾਫਿਰ ਕੈਨੇਡਾ ਦੀ ਵਿਤਕਰੇ ਭਰੀ ਇਮੀਂਗ੍ਰੇਸ਼ਨ ਪਾਲਿਸੀ ਦਾ ਸ਼ਿਕਾਰ ਹੋਏ।

23 ਜੁਲਾਈ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ, ਖਾਲਸਾ ਦੀਵਾਨ ਸੋਸਾਇਟੀ ਨਿਊਵੈਸਟ, ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਅਤੇ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਕਾਮਾਗਾਟਾ ਮਾਰੂ ਦੀ ਮੌਕੇ ਵਾਲੀ ਥਾਂ ਤੇ ਇੱਕ ਯਾਦਗਾਰੀ ਇਕੱਤ੍ਰਤਾ ਕੀਤੀ ਗਈ। ਜਿਸ ਵਿੱਚ ਭਾਰੀ ਗਿਣਤੀ ਵਿੱਚ ਦਰਸ਼ਕਾਂ ਦੇ ਨਾਲ ਨਾਲ ਕੇਂਦਰੀ, ਸੂਬਾਈ, ਮਿਊਂਸਪਲ ਪੱਧਰ ਦੇ ਆਗੂਆਂ ਦੇ ਨਾਲ ਹੋਰ ਵੀ ਕਾਫੀ ਪਤਵੰਤੇ ਸ਼ਾਮਲ ਹੋਏ।

ਉਸ ਦਿਨ ਸੱਭ ਤੋਂ ਪਹਿਲਾਂ ਚੌਹਾਂ ਗੁਰੂ ਘਰਾਂ ਵਿੱਚ ਕਾਮਾਗਾਟਾ ਮਾਰੂ ਦੇ ਸਬੰਧ ਵਿੱਚ ਵਿਸ਼ੇਸ਼ ਸਮਾਗਮ ਹੋਏ, ਜਿਨ੍ਹਾਂ ਵਿੱਚ ਇਤਿਹਾਸਿਕ ਕਾਮਾਗਾਟਾ ਮਾਰੂ ਜਹਾਜ਼ ਅਤੇ ਉਸ ਤੇ ਸਵਾਰ 376 ਮੁਸਾਫਿਰਾਂ ਬਾਰੇ ਵਿਸਥਾਰ ਪੂਰਵਕ ਵਿਚਾਰ ਪੇਸ਼ ਕੀਤੇ ਗਏ। ਇਸ ਮਗਰੋਂ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਫ਼ਾਲਸ ਕ੍ਰੀਕ ਇਨਲੇਟ ਦੇ ਅਸਥਾਨ ਤੇ ਪੁੱਜੀ, ਜਿੱਥੇ ਬਹੁਤ ਹੀ ਯੋਗ ਅਤੇ ਪ੍ਰਭਾਵ ਸ਼ਾਲੀ ਪ੍ਰਬੰਧ ਕੀਤਾ ਗਿਆ ਸੀ। ਵਿਸ਼ਾਲ ਥਾਂ ਇੱਕ ਵੱਖਰਾ ਨਜ਼ਾਰਾ ਪੇਸ਼ ਕਰ ਰਹੀ ਸੀ, ਜਿੱਥੇ ਰੰਗ ਬਰੰਗੀਆਂ ਦਸਤਾਰਾਂ ਅਤੇ ਦੁੱਪਟਿਆਂ ਨੇ ਸਮੇਂ ਤੇ ਅਸਥਾਨ ਨੂੰ ਹੋਰ ਹੀ ਰੂਪ ਦੇ ਦਿੱਤਾ ਸੀ। ਸਪੀਕਰਾਂ ਤੇ ਸ਼ਬਦਾਂ ਦੀਆਂ ਮਿੱਠੀਆਂ ਧੁਨਾਂ ਅਤੇ ਪਾਣੀ ਦੀਆਂ ਲਹਿਰਾਂ ਵਾਯੂਮੰਡਲ ਨੂੰ ਹੋਰ ਵੀ ਰੌਚਿਕ ਬਣਾ ਰਹੀਆਂ ਸਨ।






ਸਮਾਗਮ ਦੀ ਕਾਰਵਾਈ ਦੋ ਵਜੇ ਦੇ ਥੋੜ੍ਹਾ ਹੀ ਚਿਰ ਮਗਰੋਂ ਸ਼ੁਰੂ ਹੋਈ, ਜਿਸ ਦਾ ਪ੍ਰਬੰਧ ਨੌਜਵਾਨ ਸਿੱਖੀ ਸਰੂਪ ਕੰਵਰਇੰਦਰ ਸਿੰਘ ਨੀਲ ਨੇ ਬਹੁਤ ਪ੍ਰਭਾਵ ਸ਼ਾਲੀ ਢੰਗ ਨਾਲ ਅਰੰਭ ਕੀਤਾ।

ਸੱਭ ਤੋਂ ਪਹਿਲਾਂ ਕੈਨੇਡਾ ਦਾ ਕੌਮੀ ਗੀਤ ਤੇ ਫੇਰ ਖਾਲਸਾਈ ਗੀਤ ਨੇ ਵਾਯੂਮੰਡਲ ਵਿੱਚ ਮਸਤੀ ਪੈਦਾ ਕਰ ਦਿੱਤੀ ਤੇ ਇਸ ਮਸਤੀ ਵਿੱਚ ਸ੍ਰ ਨੀਲ ਨੇ ਕਾਮਾਗਾਟਾ ਮਾਰੂ ਬਾਰੇ ਪ੍ਰਭਾਵ ਸ਼ਾਲੀ ਢੰਗ ਨਾਲ ਸੰਖੇਪ ਵਿੱਚ ਪਹਿਲਾਂ ਅੰਗਰੇਜ਼ੀ, ਫੇਰ ਫਰੈਂਚ ਤੇ ਪੰਜਾਬੀ ਵਿੱਚ ਆਏ ਸਰੋਤਿਆਂ ਤੇ ਪ੍ਰਹੁਣਿਆਂ ਨੂੰ ਜਾਣਕਾਰੀ ਦਿੱਤੀ। ਸ੍ਰ ਨੀਲ ਵਲੋਂ ਪ੍ਰਭਾਵ ਸ਼ਾਲੀ ਢੰਗ ਨਾਲ ਫਰੈਂਚ ਬੋਲਦੇ ਸਮੇਂ ਆਏ ਪਤਵੰਤੇ ਬਹੁਤ ਹੀ ਉਤਸੁਕਤਾ ਨਾਲ ਉਸ ਨੂੰ ਦੇਖ ਰਹੇ ਸਨ।



ਸੱਭ ਤੋਂ ਪਹਿਲਾਂ ਹਾਊਸ ਔਫ ਕਾਮਨਜ਼ ਦੇ ਸਪੀਕਰ ਔਨ. ਜੌਹਨ ਫਰੇਜ਼ਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਤੋਂ 75 ਸਾਲ ਪਹਿਲਾਂ ਇੱਕ ਇਤਿਹਾਸਿਕ ਘਟਨਾ ਵਾਪਰੀ, ਪਰ ਅਸੀਂ ਚਾਹੁੰਦੇ ਹਾਂ ਕਿ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ। ਅੱਜ ਤੋਂ 75 ਸਾਲ ਪਹਿਲਾਂ ਕਿਸੇ ਨੂੰ ਉਮੀਦ ਨਹੀਂ ਸੀ ਕਿ 75 ਸਾਲ ਮਗਰੋਂ ਇੱਥੇ ਅਜਿਹਾ ਇੱਕ ਇਕੱਠ ਹੋਵੇਗਾ।

ਉਨ੍ਹਾਂ ਨੇ ਅੱਗੇ ਚੱਲ ਕੇ ਕਿਹਾ ਕਿ ਇਨ੍ਹਾਂ 75 ਸਾਲਾਂ ਵਿੱਚ ਤੁਸੀਂ ਹੀ ਨਹੀਂ, ਹੋਰ ਵੀ ਇਸ ਦੌਰ ਵਿੱਚੋਂ ਲੰਘ ਚੁੱਕੇ ਹਨ। ਸਾਨੂੰ ਖ਼ਬਰ ਹੈ ਕਿ ਕੋਈ ਵੀ ਅਸੀਂ ਹਾਂ, ਕਿਸੇ ਥਾਂ ਤੋਂ ਵੀ ਆਏ ਹਾਂ ਜਾਂ ਕਿੱਥੇ ਹਾਂ ਸਾਨੂੰ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਖਾਲਸਾ ਦੀਵਾਨ ਸੋਸਾਇਟੀ ਦਾ ਅਜਿਹੇ ਸਮਾਗਮ ਅਤੇ ਉਸ ਵਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਸਮੇਂ ਸੈਕਟਰੀ ਔਫ ਸਟੇਟਸ ਵਲੋਂ ਡਾ.ਐਮ ਕਨਸੇਲਾ ਨੇ ਬੋਲਦਿਆਂ ਕਿਹਾ ਕਿ 75 ਸਾਲ ਪਹਿਲਾਂ ਦੀ ਘਟਨਾ ਵਿੱਚ ਸਾਨੂੰ ਸਫਲਤਾ ਹੋਈ, ਪਰ ਹੁਣ ਸਾਨੂੰ ਇਕੱਠੇ ਹੋ ਕੇ ਅਜਿਹੀ ਕਾਰਵਾਈ ਵਿਰੁੱਧ ਖੜ੍ਹੇ ਹੋਣਾ ਚਾਹੀਦਾ ਹੈ ਤਾਂ ਜੋ ਦੁਬਾਰਾ ਅਜਿਹੀ ਘਟਨਾ ਨਾ ਵਾਪਰੇ।

ਲਿਬਰਲ ਪਾਰਟੀ ਦੇ ਆਗੂ ਔਨ. ਜੌਹਨ ਫਰੇਜ਼ਰ ਵਲੋਂ ਹਾਜ਼ਰ ਮਿ. ਗੌਲਡਨ ਵਿਲਸਨ ਨੇ ਕਿਹਾ ਕਿ ਅਸੀਂ ਲਿਬਰਲ ਪਾਰਟੀ ਵਲੋਂ ਕੀਤੇ ਵਹਿਦਿਆਂ ਦੇ ਪਾਬੰਦ ਹਾਂ ਅਤੇ ਉਨ੍ਹਾਂ ਨੂੰ ਪੂਰੇ ਕਰਾਂਗੇ।

ਐਨ.ਡੀ.ਪੀ. ਪਾਰਟੀ ਦੇ ਆਗੂ ਐਡ. ਬ੍ਰੋਡਬੈਂਟ ਵਲੋਂ ਬੋਲਦਿਆਂ ਵੈਨਕੂਵਰ ਦੇ ਮੈਂਬਰ ਪਾਰਲੀਮੈਂਟ ਸ਼੍ਰੀਮਤੀ ਮਾਰਗ੍ਰੇਟ ਮਿਫਲ ਨੇ ਕਿਹਾ ਕਿ ਸਾਡੀ ਪਾਰਟੀ ਹਮੇਸ਼ਾ ਹੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕਰਦੀ ਆਈ ਹੈ ਤੇ ਕਰਦੀ ਰਹੇਗੀ। ਇਸ ਦੇ ਨਾਲ ਹੀ ਨਸਲੀ ਵਿਤਕਰੇ ਵਿਰੁੱਧ ਸਾਡਾ ਪੱਖ ਸਾਫ ਹੈ ਉਨ੍ਹਾਂ ਨੇ ਸੁਨੇਹੇ ਵਿੱਚ ਕਿਹਾ ਕਿ 75 ਸਾਲ ਪਹਿਲਾਂ 376 ਮੁਸਾਫਿਰਾਂ ਨਾਲ ਜੋ ਕੁੱਝ ਹੋਇਆ ਉਸ ਲਈ ਉਨ੍ਹਾਂ ਨੂੰ ਦੁੱਖ ਹੈ।

ਬੀ.ਸੀ.ਸੋਸ਼ਲ ਕਰੈਡਿਟ ਦੇ ਐਮ.ਐਲ.ਏ. ਡਗ ਮੋਵਟ ਨੇ ਨੇ ਬੀ.ਸੀ. ਸਰਕਾਰ ਵਲੋਂ ਪ੍ਰਤੀਨਿੱਧਤਾ ਕਰਦਿਆਂ ਸਰਕਾਰ ਵਲੋਂ ਸੁਨੇਹਾਂ ਪੜ੍ਹ ਕੇ ਸੁਣਾਇਆ ਅਤੇ ਸਰਕਾਰ ਵਲੋਂ ਕਾਮਾਗਾਟਾ ਮਾਰੂ ਦਿਵਸ ਦੀ ਮਾਨਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅੱਗੇ ਚੱਲ ਕੇ ਕਿਹਾ ਕਿ ਸਾਨੂੰ ਅਜਿਹਾ ਕਰਨਾ ਚਾਹੀਦਾ ਹੈ ਕਿ ਉਹ ਕੁੱਝ ਹੁਣ ਦੁਬਾਰਾ ਨਾ ਵਾਪਰੇ ਜੋ ਕੁੱਝ 75 ਸਾਲ ਪਹਿਲਾਂ ਸੋਸਾਇਟੀ ਵਿੱਚ ਵਾਪਰਿਆ। 75 ਸਾਲ ਪਹਿਲਾਂ ਜੋ ਕੁੱਝ ਹੋਇਆ ਉਸ ਘਟਨਾ ਨੇ ਹੀ ਸਾਨੂੰ ਅੱਜ ਇੱਥੇ ਆਉਣ ਲਈ ਮਜਬੂਰ ਕੀਤਾ ਹੈ।

ਇੱਥੇ ਵਰਨਣ ਯੋਗ ਹੈ ਕਿ ਸਿੱਖ ਜਥੇਬੰਦੀਆਂ ਦੀ ਲਗਾਤਾਰ ਕੋਸ਼ਿਸ਼ ਰਹੀ ਸੀ ਕਿ 23 ਜੁਲਾਈ ਦਾ ਦਿਨ ਕਾਮਾਗਾਟਾ ਮਾਰੂ ਦੇ ਤੌਰ ਤੇ ਪ੍ਰਮਾਣਤ ਕੀਤਾ ਜਾਵੇ। ਪਰ ਬੀ.ਸੀ. ਸਰਕਾਰ ਨੇ ਪਹਿਲਾਂ ਤਾਂ ਕੋਈ ਵਿਸ਼ੇਸ਼ ਹੁੰਗਾਰਾ ਨਾ ਭਰਿਆ ਪਰ ਫੇਰ ਹਿੰਦੋਸਤਾਨੀ ਕਮਿਊਨਿਟੀ ਦੇ ਬੰਦਿਆਂ ਨੇ ਵਿੱਚ ਪੈ ਕੇ ਕਿਉਂਕਿ ਹੁਣ ਇਸ ਕਮਿਊਨਿਟੀ ਦੀਆਂ ਵੋਟਾਂ ਦੀ ਵੀ ਸਰਕਾਰ ਨੂੰ ਲੋੜ ਹੈ ਤੇ ਕਦਰ ਹੈ ਨੂੰ ਮੁੱਖ ਰਖਦਿਆਂ ਐਨ ਆਖਰੀ ਮੌਕੇ ਤੇ ਬੀ.ਸੀ. ਸਰਕਾਰ ਨੇ 23 ਜੁਲਾਈ ਨੂੰ ਕਾਮਾਗਾਟਾ ਮਾਰੂ ਦਿਵਸ ਵਜੋਂ ਮਾਨਤਾ ਦਿੱਤੀ। ਇਸ ਦੇ ਨਾਲ ਹੀ ਬਹੁ ਗਿਣਤੀ ਵਿੱਚ ਸਥਾਨਕ ਸਿਟੀ ਕੌਂਸਲਾਂ ਨੇ ਵੀ 23 ਜੁਲਾਈ ਨੂੰ ਕਾਮਾਗਾਟਾ ਮਾਰੂ ਦਿਵਸ ਦੇ ਤੌਰ ਤੇ ਮਾਨਤਾ ਦਿੱਤੀ ਹੋਈ ਹੈ।

ਇਸ ਤੋਂ ਮਗਰੋਂ ਬੀ.ਸੀ. ਹਿੰਦੋਸਤਾਨੀ ਕਮਿਊਨਿਟੀ ਦੇ ਐਮ.ਐਲ.ਏ. ਸ਼੍ਰੀ ਮੋ ਸਹੋਤਾ ਸਟੇਜ ਤੇ ਆਏ ਉਨ੍ਹਾ ਨੇ ਕੁੱਝ ਲਫਜ਼ ਟੁੱਟੀ ਫੁੱਟੀ ਪੰਜਾਬੀ 'ਚ ਕਹੇ ਤੇ ਨਾਲ ਹੀ ਕਿਹਾ ਕਿ ਮੇਰੇ ਢੰਗ ਤੋਂ ਬੈਠੇ ਪਤਵੰਤੇ ਮੇਰੇ ਕਹੇ ਲਫਜ਼ੀ ਭਾਵ ਸਮਝ ਲੈਣਗੇ। ਉਨ੍ਹਾਂ ਨੇ ਬੀ.ਸੀ. ਸਰਕਾਰ ਵਲੋਂ ਇਸ ਦਿਹਾੜੇ ਦੀ ਮਾਨਤਾ ਦੇਣ ਅਤੇ ਸਿੱਖ ਜਥੇਬੰਦੀਆਂ ਦਾ ਅਜਿਹਾ ਯਾਦਗਾਰੀ ਦਿਨ ਮਨਾਉਣ ਲਈ ਧੰਨਵਾਦ ਕੀਤਾ। ਸ਼੍ਰੀ ਸਹੋਤਾ ਨੇ ਬਹੁਤ ਹੀ ਪ੍ਰਭਾਵ ਸ਼ਾਲੀ ਢੰਗ ਨਾਲ ਕਾਮਾਗਾਟਾ ਮਾਰੂ ਘਟਨਾ ਅਤੇ ਮੁਸਾਫਿਰਾਂ ਬਾਰੇ ਆਏ ਪਤਵੰਤਿਆਂ ਨੂੰ ਦੱਸਿਆ। ਇਸ ਵਿਸ਼ੇਸ਼ ਸਮਾਗਮ ਵਿੱਚ 'ਦੀ ਵੌਇਸ ਔਫ ਦੀ ਕਾਮਾਗਾਟਾ ਮਾਰੂ' ਪੁਸਤਕ ਦੇ ਲੇਖਿਕ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਇਤਿਹਾਸ ਦੇ ਪ੍ਰੋ. ਸ਼੍ਰੀ ਹਿਊ ਜੌਹਨਸਟਨ ਨੇ ਕਿਹਾ ਕਿ 75 ਸਾਲ ਪਹਿਲਾਂ ਕਾਮਾਗਾਟਾ

(ਬਾਕੀ ਸਫਾ 21 ਤੇ)

# ਕਾਮਾਗਾਟਾ ਮਾਰੂ ਦੀ ਦੁਰ-ਘਟਨਾ

ਕਾਮਾਗਾਟਾ ਮਾਰੂ ਇਕ ਸਮੁੰਦਰੀ ਲਾਦੂ ਜਹਾਜ਼ ਦਾ ਜਪਾਨੀ ਨਾਮ ਹੈ। ਜੋ 25 ਮਾਰਚ 1914 ਵਿੱਚ ਬਾਬਾ ਗੁਰਦਿੱਤ ਸਿੰਘ ਜੀ ਨੇ 6 ਮਹੀਨੇ ਲਈ 11,000 ਗਿਆਰਾਂ ਹਜ਼ਾਰ ਡੌਲਰ ਫੀ ਮਹੀਨੇ ਕਰਾਏ ਤੇ ਲਿਆ। ਇਸ ਦਾ ਨਾਮ ਬਦਲ ਕੇ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਅਤੇ ਖਾਲਸੇ ਦੀ ਆਨ ਤੇ ਸ਼ਾਨ ਦਾ ਪ੍ਰਤੀਕ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਗਿਆ। ਇਸ ਜਹਾਜ਼ ਦੇ ਨਾਲ 376 ਮੁਸਾਫਿਰਾਂ ਦੀ ਇੱਜ਼ਤ, ਮਾਣ, ਦਰਿੜਤਾ, ਚਨੌਤੀ ਤੇ ਕੈਨੇਡਾ ਸਰਕਾਰ ਦੇ ਨਸਲੀ ਵਿਤਕਰੇ ਦੀ ਇਤਿਹਾਸਿਕ ਦੁਰਘਟਨਾ ਦਾ ਡੂੰਘਾ ਸਬੰਧ ਹੈ। ਇਸ ਚਨੌਤੀ ਦਾ ਮੁਸਾਫਿਰਾਂ ਨੇ ਅਣਖ ਤੇ ਦਲੇਰੀ ਨਾਲ ਡਟ ਕੇ ਮੁਕਾਬਲਾ ਕੀਤਾ। ਅਸਾਡੀ ਕੌਮ ਦਾ ਗੌਰਵ-ਮਈ ਤੇ ਬਹਾਦਰੀ ਦੇ ਵਿਰਸੇ ਦਾ ਇਹ ਇਕ ਅਮੋਲਕ ਅਜ਼ਾਦੀ ਦਾ ਚਿੰਨ ਹੈ।

**ਕੈਨੇਡਾ ਵਿੱਚ ਭਾਰਤੀ:** ਕੈਨੇਡਾ ਸਰਕਾਰ ਦੇ ਲੇਬਰ ਕਮਿਸ਼ਨਰ ਮਕੈਨਿਜ਼ੀ ਕਿੰਗ ਰਾਹੀਂ ਇਕੱਠੇ ਕੀਤੇ ਹੋਏ ਅੰਕੜਿਆ ਅਨੁਸਾਰ ਕੈਨੇਡਾ ਵਿੱਚ 1904 ਤੋਂ 1908 ਤੱਕ 5180 ਹਿੰਦੋਸਤਾਨੀ ਆ ਕੇ ਵਸ ਚੁੱਕੇ ਸਨ ਜਿਨ੍ਹਾਂ ਵਿੱਚੋਂ 90 ਫੀ ਸਦੀ ਤੋਂ ਵੱਧ ਸਿਖਾਂ ਦੀ ਗਿਣਤੀ ਦੱਸੀ ਜਾਂਦੀ ਹੈ।ਵੈਨਕੂਵਰ ਵਿਖੇ 1906 ਵਿੱਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਹੋਂਦ ਵਿੱਚ ਆਈ, 1909 ਵਿੱਚ 1866 ਸੈਕਿੰਡ ਵੈਸਟ ਐਵੀਨਿਊ ਵੈਨਕੂਵਰ ਵਿੱਚ ਸਿਖ ਸੰਗਤਾਂ ਨੇ 25,000 ਪੱਚੀ ਹਜ਼ਾਰ ਡੌਲਰ ਦਾ ਇਕ ਆਲੀਸ਼ਾਨ ਗੁਰਦੁਆਰਾ ਸਾਹਿਬ ਬਣਾ ਲਿਆ ਅਤੇ ਇਹ ਅਸਥਾਨ ਧਾਰਮਿਕ ਭਾਈਚਾਰਿਕ ਤੇ ਕੌਮੀ ਲਹਿਰ ਲਈ ਜਾਗਰਤ ਦਾ ਕੇਂਦਰ ਬਣ ਗਿਆ। ਕੈਨੇਡਾ, ਖਾਸ ਕਰ ਬ੍ਰਿਟਿਸ਼ ਕੁਲੰਬੀਆ ਵੈਨਕੂਵਰ ਵਿੱਚ ਭਾਰਤੀਆਂ ਦੀ ਦਿਨੋ ਦਿਨ ਗਿਣਤੀ ਵੱਧਦੀ ਦੇਖ ਕੇ ਇਥੋਂ ਦੇ ਗੋਰੇ ਤੇ ਪਰਦੇਸੀ ਮਜ਼ਦੂਰਾਂ ਵਿਚਕਾਰ ਖਿੱਚੋਤਾਣ ਸ਼ੁਰੂ ਹੋ ਗਈ। ਪੰਜਾਬੀ ਮਜ਼ਦੂਰ ਜਿਹੜੇ ਜ਼ਿਆਦਾ ਤਰ ਫੌਜੀ ਸਿੰਘ ਪੈਨਸ਼ਨੀਏਂ ਦਰਸ਼ਨੀਂ ਖੁਲ੍ਹੇ ਦਾੜ੍ਹੇ ਤੇ ਦਸਤਾਰਾਂ ਨਾਲ ਸਜੇ ਹੋਏ ਸਨ, ਸਰੀਰਕ ਤੌਰ ਤੇ ਤਕੜੇ ਤੇ ਮਿਹਨਤੀ ਸਨ। ਰੇਲਵੇ ਤੇ ਮਿੱਲ੍ਹਾਂ ਵਿੱਚ ਗੋਰਿਆਂ ਨਾਲੋਂ ਘੱਟ ਪੈਸੇ ਲੈ ਕੇ ਮਜ਼ਦੂਰੀ ਕਰਦੇ ਸਨ। 1906 ਤੋਂ 1909 ਦੇ ਦੌਰਾਨ ਜਾਪਾਨੀ, ਚੀਨੀ ਲੋਕਾਂ ਦੇ ਨਾਲ ਰਲ ਮਿਲ ਕੇ ਕੰਮ ਕਰਦਿਆਂ ਭਾਰਤੀਆਂ ਨੂੰ ਵੇਖ ਕੇ ਇੱਥੇ ਦੀ ਸਰਕਾਰ ਦੀਆਂ ਅੱਖਾਂ ਵਿੱਚ ਏਸ਼ੀਅਨ ਲੋਕ ਰੜਕਨ ਲੱਗ ਪਏ। ਇਸ ਮੁਲਕ ਨੂੰ ਸਿਰਫ ਵਾਈਟ ਮੈਨਜ਼ ਕੰਟਰੀ ਭਾਵ ਗੋਰੇ ਚਿੱਟੇ ਬੰਦਿਆਂ ਦਾ ਮੁਲਕ ਬਨਾਉਣ ਦਾ ਯਤਨ ਕਰਨ ਲਈ ਨਵੇਂ ਕਾਨੂੰਨ ਬਣਾ ਦਿੱਤੇ ਗਏ।

**ਹਾਂਡੂਰਾਸ:** 1908 ਵਿੱਚ ਸਰਕਾਰ ਨੇ ਇਕ ਚਾਲ ਚੱਲੀ ਤੇ ਸਾਰੇ ਭਾਰਤੀਆਂ ਨੂੰ ਹਾਂਡੂਰਾਸ ਟਾਪੂ ਭੇਜਣ ਦੀ ਸਕੀਮ ਬਣਾਈ, ਇਸ ਟਾਪੂ ਵਿੱਚ ਮਲੇਰੀਏ ਦਾ ਬਹੁਤ ਜ਼ੋਰ ਰਹਿੰਦਾ ਸੀ। ਮੱਛਰ, ਕੀੜੇ ਮਕੌੜੇ ਆਮ ਸਨ। ਪਾਣੀ ਦੀ ਬੜੀ ਹੀ ਘਾਟ ਸੀ। ਹਰ ਪੱਖੋਂ ਸਿਹਤ ਲਈ ਹਾਨੀਕਾਰਕ ਸੀ। ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਵਿੱਚ ਸੰਗਤਾਂ ਨੇ ਸਰਕਾਰ ਦੀ ਇਸ ਬਦਨੀਤੀ ਦਾ ਪੁਰਜ਼ੋਰ ਖੰਡਨ ਕਰਨ ਦਾ ਫੈਸਲਾ ਕੀਤਾ। ਇਸ ਵਧੀਕੀ ਦਾ ਇਕ ਮੁੱਠ ਹੋ ਕੇ ਟਾਕਰਾ ਕਰਨ ਦਾ ਪ੍ਰਣ ਕੀਤਾ ਕਿ ਕੈਨੇਡਾ ਦੀ ਧਰਤੀ ਤੇ ਪ੍ਰਾਂਣ ਤਿਆਗ ਦਿਆਂਗੇ ਪਰ ਹਾਂਡੂਰਾਸ ਨਹੀਂ ਜਾਵਾਂਗੇ। ਕਾਫੀ ਸਮਾਂ ਜੱਦੋ-ਜਹਿਦ ਤੋਂ ਬਾਅਦ ਭਾਰਤੀਆਂ ਨੂੰ ਕਾਮਯਾਬੀ ਮਿਲੀ ਪਰ ਹਾਂਡੂਰਾਸ ਦੀ ਨੀਤੀ ਅਸਫਲ ਹੋਣ ਦੇ ਕਾਰਨ ਕੈਨੇਡਾ ਸਰਕਾਰ ਦਾ ਭਾਰਤੀਆਂ ਨਾਲ ਵਤੀਰਾ ਹੋਰ ਵੀ ਸਖਤ ਹੋ ਗਿਆ।

**ਨਵਾਂ ਕਾਨੂੰਨ:** ਕੈਨੇਡਾ ਦੀ ਸਰਕਾਰ ਨੇ 9 ਮਈ 1910 ਨੂੰ ਇਕ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਜਿਸ ਅਨੁਸਾਰ ਕੇਵਲ ਉਹੀ ਵਿਦੇਸ਼ੀ ਕੈਨੇਡਾ ਵਿੱਚ ਆ ਸਕਦੇ ਹਨ ਜਿਹੜੇ ਕਿ ਆਪਣੇ ਦੇਸ਼ ਵਿੱਚੋਂ ਜਹਾਜ਼ ਦੀ ਸਿੱਧੀ ਟਿਕਟ ਲੈ ਕੇ ਆਉਣ ਅਤੇ 200 ਦੋ ਸੌ ਡੌਲਰ ਨਕਦ ਆਪਣੇ ਨਾਲ ਲਿਆਉਣ। ਉਸ ਸਮੇਂ ਕੈਨੇਡਾ ਤੇ ਭਾਰਤ ਦੋਹਾਂ ਮੁਲਕਾਂ ਵਿੱਚ ਅੰਗਰੇਜ਼ੀ ਹਕੂਮਤ ਸੀ। ਪਰ ਦੋਹਾਂ ਮੁਲਕਾਂ ਦੇ ਬਸ਼ਿੰਦਿਆਂ ਨੂੰ ਇਕੋ ਜਿਹੇ ਹੱਕ ਨਹੀਂ ਸਨ ਦਿੱਤੇ ਗਏ। ਪੈਸੇ ਦੀ ਤਾਂ ਹਿੰਦੋਸਤਾਨੀਆਂ ਨੂੰ ਕੋਈ ਖਾਸ ਚਿੰਤਾ ਨਹੀਂ ਸੀ ਪਰ ਭਾਰਤ ਤੋਂ ਸਿਧਾ ਜਹਾਜ਼ ਕੋਈ ਨਹੀਂ ਸੀ ਚਲਦਾ, ਅਤੇ ਜਹਾਜ਼ੀ ਕੰਪਨੀਆਂ ਅੰਗਰੇਜ਼ੀ ਸਰਕਾਰ ਤੋਂ ਡਰਦੀਆਂ ਸਿਧਾ ਟਿਕਟ ਨਹੀਂ ਸਨ ਦਿੰਦੀਆਂ। ਇਹ ਕਾਨੂੰਨ ਉਸ ਵੇਲੇ ਦੀ ਬਰਤਾਨਵੀ ਸਰਕਾਰ ਨੇ ਕੁਟਲ ਨੀਤੀ ਨਾਲ ਵਫਾਦਾਰ ਹਿੰਦੋਸਤਾਨੀ ਪਰਜਾ ਉੱਤੇ ਬੜੀ ਹੀ ਸਖਤੀ ਤੇ ਬੇ-ਇਨਸਾਫੀ ਨਾਲ ਲਾਗੂ ਕੀਤਾ। ਇਸ ਨਵੇਂ ਕਾਨੂੰਨ ਮੁਤਾਬਿਕ ਕੈਨੇਡਾ ਵਿੱਚ ਭਾਰਤੀਆਂ ਦਾ ਦਾਖਲਾ ਲਗ ਭਗ ਅਸੰਭਵ ਹੀ ਹੋ ਗਿਆ। ਕੈਨੇਡਾ ਵਿੱਚ ਲਗਾਤਾਰ ਤਿੰਨ ਸਾਲ ਰਹਿਣ ਵਾਲੇ ਨੂੰ ਵਸਨੀਕੀ ਹੱਕ ਪਰਾਪਤ ਹੋ ਜਾਂਦੇ ਸਨ। ਇਸ ਵੇਲੇ ਤੱਕ ਭਾਰਤੀ ਜ਼ਮੀਨਾਂ ਦੇ ਮਾਲਕ ਬਣ ਗਏ ਸਨ। ਸੁਹਣੇ ਘਰਾਂ ਵਿੱਚ ਚੰਗਾ ਸਰਦਾ ਪੁੱਜਦਾ ਜੀਵਨ ਬਤੀਤ ਕਰਨ ਲੱਗ ਪਏ ਸਨ। ਕੈਨੇਡਾ ਦੇ ਭਾਰਤੀ ਵਸਨੀਕਾਂ ਨੇ ਇਸ ਵਿਤਕਰੇ ਭਰੇ ਕਾਨੂੰਨ ਦਾ ਪੁਰ ਜ਼ੋਰ ਖੰਡਨ ਕੀਤਾ ਅਤੇ ਸਰਕਾਰ ਪਾਸੋਂ ਇਸ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਪਰ ਇਹ ਮੰਗ ਨਾ ਮਨਜ਼ੂਰ ਹੋ ਗਈ। ਜਪਾਨੀਆਂ ਤੇ ਚੀਨਿਆਂ ਨੂੰ ਕਾਫੀ ਰਿਆਇਤਾਂ ਮਿਲੀਆਂ ਜਿਸ ਦਾ ਫਲ ਸਰੂਪ 1911 ਵਿੱਚ 2986 ਜਪਾਨੀ ਤੇ 1932 ਚੀਨੀ ਕੈਨੇਡਾ ਵਿੱਚ ਦਾਖਲ ਹੋਏ। 1913 ਵਿੱਚ 39 ਸਿੱਖਾਂ ਦਾ ਇਕ ਜੱਥਾ ਸਮੁੰਦਰੀ ਜਹਾਜ਼ ਰਾਹੀਂ ਹਾਂਗ ਕਾਂਗ ਤੋਂ ਕੈਨੇਡਾ ਲਈ ਚੱਲ ਪਿਆ। ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਦੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਤੇ ਵਾਪਸ ਜਾਣ ਦੀ ਪ੍ਰੇਰਨਾ ਕੀਤੀ ਜਾਣ ਲੱਗੀ। ਕੈਨੇਡਾ ਵਿੱਚ ਵਸਦੇ ਹਿੰਦੋਸਤਾਨੀਆਂ ਨੇ ਜ਼ਮਾਨਤ ਦੇ ਕੇ ਸਾਰੇ ਮੁਸਾਫਿਰਾਂ ਨੂੰ ਛੁਡਾ ਲਿਆ, ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਗਿਆ। ਮੁਕੱਦਮੇ ਦਾ ਫੈਸਲਾ ਮੁਸਾਫਿਰਾਂ ਦੇ ਹੱਕ ਵਿੱਚ ਹੋਇਆ, ਅਤੇ ਕੈਨੇਡਾ ਵਿੱਚ ਰਹਿਣ ਦੀ ਆਗਿਆ ਮਿਲ ਗਈ। ਵੈਨਕੂਵਰ ਵਿੱਚ ਰਹਿਣ ਵਾਲੇ ਹਿੰਦੋਸਤਾਨੀਆਂ ਦੀ ਇਹ ਇਕ ਜਿੱਤ ਸੀ। ਇਸ ਜਿੱਤ ਨਾਲ ਉਨ੍ਹਾਂ ਦੇ ਹੌਂਸਲੇ ਵਧ ਗਏ ਅਤੇ ਉਨ੍ਹਾਂ ਨੇ ਇੰਡੀਆ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਨੂੰ ਚਿੱਠੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਕਿ ਤੁਸੀਂ ਟਿਕਟ ਲੈ ਕੇ ਜਹਾਜ਼ ਚੜ੍ਹ ਆਓ ਇਥੇ ਉਤਾਰਨ ਦੀ ਅਸੀਂ ਜ਼ੁੰਮੇਵਾਰੀ ਲੈਂਦੇ ਹਾਂ। ਸੈਂਕੜਿਆਂ ਦੀ ਗਿਣਤੀ ਵਿੱਚ ਯਾਤਰੂ ਕੈਨੇਡਾ ਜਾਣ ਲਈ ਕਲਕੱਤੇ ਦੀ ਬੰਦਰਗਾਹ ਤੇ ਜਾ ਪੁੱਜੇ। ਜਹਾਜ਼ ਕੰਪਨੀਆਂ ਤੋਂ ਸਿਧੇ ਟਿਕਟ ਦੀ ਮੰਗ ਕਰਦੇ, ਪਰ ਅੰਗਰੇਜ਼ ਸਰਕਾਰ ਦੀ ਗੁਪਤ ਹਿਦਾਇਤ ਦੇ ਕਾਰਨ ਕੋਈ ਵੀ ਕੰਪਨੀ ਸਿਧਾ ਟਿਕਟ ਨਹੀਂ ਸੀ ਦਿੰਦੀ। ਮਜਬੂਰਨ ਇਹ ਯਾਤਰੂ ਨਾਲ ਦੇ ਟਾਪੂਆਂ ਜਿਵੇਂ ਕਿ ਹਾਂਗ ਕਾਂਗ, ਸਿੰਘਾਂ ਪੁਰ ਜਾ ਕੇ ਆਪਣੇ ਯਤਨ ਜਾਰੀ ਰੱਖਦੇ।

**ਬਾਬਾ ਗੁਰਦਿੱਤ ਸਿੰਘ ਜੀ:** ਇਨ੍ਹਾਂ ਦਿਨਾਂ ਵਿੱਚ ਬਾਬਾ ਗੁਰਦਿੱਤ ਸਿੰਘ ਜੀ ਸਿੰਘਾ ਪੁਰ ਵਿੱਚ ਠੇਕੇਦਾਰੀ ਕਰਿਆ ਕਰਦੇ ਸਨ। ਬਾਬਾ ਜੀ ਦਾ ਜਨਮ 1859 ਵਿੱਚ ਸਰਦਾਰ ਹੁਕਮ ਸਿੰਘ ਜੀ ਦੇ ਘਰ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਨਗਰ ਸਰਹਾਲੀ ਵਿੱਚ ਹੋਇਆ। ਇਨ੍ਹਾਂ ਦਾ ਬਚਪਨ ਪੰਜਾਬ ਦੇ ਆਮ ਪੇਂਡੂ ਬੱਚਿਆਂ ਦੀ ਤਰ੍ਹਾਂ ਹੀ ਬੀਤਿਆ। ਆਪ ਜੀ ਬਚਪਨ ਤੋਂ ਹੀ ਪੱਕੇ ਦਰਿੜ ਇਰਾਦੇ ਤੇ ਹੌਂਸਲੇ ਵਾਲੇ ਸਨ। 1870 ਦੀ ਗੱਲ ਹੈ ਕਿ ਪੰਜਾਬ ਵਿੱਚ ਵਰਖਾ ਨਾ ਹੋਣ ਦੇ ਕਾਰਨ ਬੜਾ ਹੀ ਭਿਆਨਕ ਕਾਲ ਪੈ ਗਿਆ। ਇਸ ਦੌਰਾਨ ਗੁਰਦਿੱਤ ਸਿੰਘ ਜੀ ਦੇ ਪਿਤਾ ਜੀ ਭਾਈ ਹੁਕਮ ਸਿੰਘ ਜੀ ਰੁਜ਼ਗਾਰ ਕਰਨ ਲਈ ਮਲਾਇਆ ਚਲੇ ਗਏ। ਕੁਝ ਸਮੇਂ ਬਾਅਦ ਨੌਜਵਾਨ ਗੁਰਦਿੱਤ ਸਿੰਘ ਜੀ ਵੀ ਮਲਾਇਆ ਨੂੰ ਤੁਰ ਪਏ। ਉਥੇ ਪੁੱਜ ਕੇ ਇਕ ਚੀਨੀ ਵਪਾਰੀ ਕੋਲ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ, ਜਦੋਂ ਕੁੱਝ ਪੂੰਜੀ ਜਮ੍ਹਾਂ ਹੋ ਗਈ ਤਦ ਇਨ੍ਹਾਂ ਨੇ ਡੇਰੀ ਫਾਰਮ ਦਾ ਆਪਣਾ ਕੰਮ ਸ਼ੁਰੂ ਕਰ ਦਿੱਤਾ। ਪੰਜਾਬ ਤੇ ਨੇੜੇ ਤੇੜੇ ਦੇ ਟਾਪੂਆਂ ਵਿੱਚ ਬਾਬਾ ਜੀ ਦੇ ਵਪਾਰਕ ਸਬੰਧ ਸਨ ਅਤੇ ਆਮ ਆਂਉਦੇ ਜਾਂਦੇ ਰਹਿੰਦੇ ਸਨ। ਦਸੰਬਰ 1913 ਦੀ ਗੱਲ ਹੈ ਕਿ ਬਾਬ ਜੀ ਨੂੰ ਅਚਾਨਕ ਆਪਣੇ ਕਾਰੋ ਬਾਰੀ ਸਿਲਸਲੇ ਦੇ ਕਾਰਨ ਹਾਂਗ ਕਾਂਗ ਜਾਣਾ ਪੈ ਗਿਆ, 3 ਫਰਵਰੀ 1914 ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਸੀ। ਇਸ ਗੁਰਪੁਰਬ ਦੇ ਮੌਕੇ ਤੇ ਹਾਂਗ ਕਾਂਗ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਜੀ ਨੂੰ ਸਟੇਜ ਤੇ ਬੋਲਣੇ ਦਾ ਮੌਕਾ ਮਿਲਿਆ। ਉਨ੍ਹਾਂ ਦਸਮ ਪਾਤਸ਼ਾਹ ਜੀ ਦੇ ਜੀਵਨ, ਕਾਰਨਾਮਿਆਂ ਤੇ ਰੋਸ਼ਨੀ ਪਾਂਉਦਿਆਂ ਹੋਇਆਂ ਦਰਸਾਇਆ ਕਿ ਹਰ ਗੁਰਸਿਖ ਦਾ ਧਰਮ ਇਸ ਗੱਲ ਦੀ ਮੰਗ ਕਰਦਾ ਹੈ, ਕਿ ਉਹ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਆਪਣਾ ਤਨ, ਮਨ ਅਤੇ ਧਨ ਨਿਛਾਵਰ ਕਰੇ। ਗੁਰਦੁਆਰਾ ਸਾਹਿਬ ਵਿਖੇ ਸੈਂਕੜਿਆਂ ਦੀ ਗਿਣਤੀ ਵਿੱਚ ਅਜਿਹੇ ਪੰਜਾਬੀ ਸੰਗਤ ਦੇ ਰੂਪ ਵਿੱਚ ਜੁੜੇ ਹੋਏ ਸਨ ਜਿਹੜੇ ਕਿ ਕਈ ਮਹੀਨਿਆਂ ਤੋਂ ਕੈਨੇਡਾ ਜਾਣ ਲਈ ਟਿਕਟਾਂ ਮਿਲਣ ਦੀ ਉਡੀਕ ਵਿੱਚ ਸਨ। ਇਨ੍ਹਾਂ ਸੱਭਨਾਂ ਨੇ ਬਾਬਾ ਜੀ ਨੂੰ ਆਪਣੀਆਂ ਔਕੁੜਾਂ ਦੱਸੀਆਂ। ਬਾਬਾ ਜੀ ਨੇ ਭਰੋਸਾ ਦਿਵਾਇਆ ਕਿ ਅਸੀਂ ਕਿਸੇ ਜਹਾਜ਼ ਦਾ ਪ੍ਰਬੰਧ ਕਰਾਂਗੇ ਅਤੇ ਕੈਨੇਡਾ ਦੀਆਂ ਸ਼ਰਤਾਂ ਅਨੁਸਾਰ ਉੱਥੇ ਪੁੱਜਾਂਗੇ। ਇੱਥੇ ਹੀ ਨੌਜਵਾਨ ਸ੍ਰ. ਦਲਜੀਤ ਸਿੰਘ ਜੀ ਜਿਹੜੇ ਕਿ ਉੱਚ ਵਿਦਿਆ ਦੀ ਪ੍ਰਾਪਤੀ ਲਈ ਅਮਰੀਕਾ ਜਾ ਰਹੇ ਸਨ, ਇਨ੍ਹਾਂ ਦਾ ਵੀ ਬਾਬਾ ਜੀ ਨਾਲ ਮੇਲ ਹੋਇਆ। ਪੰਜਾਬੀ ਮੁਸਾਫਿਰਾਂ ਦੇ ਨਾਲ ਦੁੱਖ ਸੁਖ ਸਾਂਝੇ ਕਰਨ ਤੋਂ ਬਾਅਦ ਇਨ੍ਹਾਂ ਨੇ ਅਮਰੀਕਾ ਜਾਣ ਦਾ ਵਿਚਾਰ ਛੱਡ ਦਿੱਤਾ। ਬਾਬਾ ਜੀ ਨੇ ਦਲਜੀਤ ਸਿੰਘ ਜੀ ਨੂੰ ਪਹਿਲਾਂ ਆਪਣਾ ਨਿੱਜੀ ਸਕੱਤਰ ਤੇ ਫੇਰ ਕਾਮਾਗਾਟਾ ਮਾਰੂ ਦਾ ਸਕੱਤਰ ਥਾਪਿਆ। ਸ੍ਰ. ਦਲਜੀਤ ਸਿੰਘ ਜੀ ਨੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨਾਲ ਚਿੱਠੀ ਪੱਤਰ ਰਾਹੀਂ ਤਾਲ ਮੇਲ ਕਰਕੇ ਸਲਾਹ ਪੁੱਛੀ ਤੇ ਦੱਸਿਆ ਕਿ ਅਸੀਂ ਜਹਾਜ਼ ਕਿਰਾਏ ਤੇ ਲੈ ਕੇ ਮੁਸਾਫਿਰਾਂ ਸਮੇਤ ਕੈਨੇਡਾ ਆਉਣ ਦਾ ਪ੍ਰੋਗਰਾਮ ਬਣਾ ਰਹੇ ਹਾਂ। ਸੁਸਾਇਟੀ ਵਲੋਂ ਬੜਾ ਹੀ ਉਤਸ਼ਾਹ ਜਨਕ ਉੱਤਰ ਆਇਆ ਕਿ ਅਸੀਂ ਤੁਹਾਡੀ ਹਰ ਤਰ੍ਹਾਂ ਨਾਲ ਸਹਾਇਤਾ ਕਰਾਂਗੇ। ਤੁਸੀਂ ਕੈਨੇਡਾ ਆ ਜਾਓ। ਬਾਬਾ ਜੀ ਜਹਾਜ਼ ਦੇ ਪ੍ਰਬੰਧ ਵਿੱਚ ਜੁਟ ਗਏ।

**ਕਾਮਾਗਾਟਾ ਮਾਰੂ**: 25 ਮਾਰਚ 1914 ਨੂੰ ਬੜੀਆਂ ਹੀ ਕਠਨਾਈਆਂ ਉਪ੍ਰੰਤ ਬਾਬਾ ਜੀ ਨੂੰ ਇਕ ਜਪਾਨੀ ਕੰਪਨੀ ਵਲੋਂ ਕਾਮਾਟਾਗਾਟਾ ਮਾਰੂ ਨਾਮ ਦਾ ਇਕ ਲਾਦੂ ਜਹਾਜ਼ 6 ਮਹੀਨੇ ਲਈ 11,000 ਗਿਆਰਾਂ ਹਜ਼ਾਰ ਡੌਲਰ ਫੀ ਮਹੀਨੇ ਕਿਰਾਏ ਤੇ ਮਿਲ ਗਿਆ। ਇਹ ਜਹਾਜ਼ [illegible]ਲਾ ਢੋਣ ਵਾਲਾ ਲਾਦੂ ਜਹਾਜ਼ ਸੀ। ਇਸ ਲਈ ਮੁਸਾਫਿਰਾਂ ਦੀਆਂ ਲੋੜਾਂ ਤੇ ਸਹੂਲਤਾਂ ਨੂੰ [illegible]ਖ ਕੇ ਸਾਰੀ ਸਫਾਈ ਤੇ ਮੁਰੰਮਤ ਕਰਵਾ ਕੇ ਜਹਾਜ਼ ਨੂੰ ਸਰਕਾਰੀ ਇੰਜਨੀਅਰਾਂ ਤੇ ਇਨਸਪੈਕਟਰਾਂ ਪਾਸੋਂ ਪਾਸ ਕਰਵਾਇਆ। ਲੁੜੀਂਦੀਆਂ ਵਸਤਾਂ ਖੁਰਾਕ ਤੇ ਪਾਣੀ ਦਾ ਪੂਰਾ ਪ੍ਰਬੰਧ ਕੀਤਾ। ਡਾਕਟਰ ਰਘੁਨਾਥ ਸਿੰਘ ਇਸ ਜਹਾਜ਼ ਦਾ ਮੁਸਾਫਿਰ ਸੀ। ਪਰ ਬਾਬਾ ਜੀ ਨੇ ਇਸ ਨੂੰ ਜਹਾਜ਼ ਦਾ ਡਾਕਟਰ ਨਿਯੁਕਤ ਕਰ ਲਿਆ। ਇਸ ਨੇ ਵੀ ਸਫਰ ਲਈ ਲੁੜੀਂਦੀਆਂ ਦਵਾਈਆਂ ਵਗੈਰਾ ਖ੍ਰੀਦ ਲਈਆਂ। ਦੁੱਖਦਾਇਕ ਗੱਲ ਇਹ ਹੋਈ ਕਿ ਇਹ ਡਾਕਟਰ ਵੈਨਕੂਵਰ ਪੁੱਜ ਕੇ ਕੈਨੇਡਾ ਦੀ ਸਰਕਾਰ ਦਾ ਮੁਖਬਰ ਬਣ ਗਿਆ ਸੀ। 30 ਮਾਰਚ 1914 ਨੂੰ ਕਾਮਾਗਾਟਾ ਮਾਰੂ ਦੇ ਤੁਰਨ ਦਾ ਐਲਾਨ ਕੀਤਾ ਗਿਆ ਸੀ। ਸਾਰੀ ਕਾਰਵਾਈ ਕਰਨ ਉਪ੍ਰੰਤ ਅਖੀਰ ਤੇ ਰਵਾਨਗੀ ਵਾਸਤੇ ਆਗਿਆ ਪੱਤਰ ਲਈ ਵੀ ਬੜੀਆਂ ਹੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਬਾਬਾ ਜੀ ਦੇ ਕਮਰੇ ਦੀ ਤਲਾਸ਼ੀ ਲਈ ਗਈ। ਛਾਪੇ ਮਾਰੇ ਗਏ। ਬਾਬਾ ਜੀ ਨੂੰ ਕੈਦ ਵੀ ਕੀਤਾ ਗਿਆ। ਆਖਿਰ 4 ਅਪਰੈਲ 1914 ਨੂੰ ਆਗਿਆ ਪੱਤਰ ਮਿਲ ਗਿਆ। ਬਾਬਾ ਜੀ ਤੇ ਸ੍ਰ ਦਲਜੀਤ ਸਿੰਘ ਨੇ ਜਿਸ ਵੇਲੇ ਹਾਂਗ ਕਾਂਗ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਹਾਲ ਦੀ ਹਾਜ਼ਰੀ ਵਿੱਚ ਇਹ ਖੁਸ਼ਖਬਰੀ ਸੁਣਾਈ ਤਾਂ ਸਾਰੀ ਸੰਗਤ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਤੇ ਸਤਿ ਸ੍ਰੀ ਅਕਾਲ ਦੇ ਜੈ ਕਾਰਿਆਂ ਨਾਲ ਸਾਰਾ ਵਾਯੂ ਮੰਡਲ ਗੂੰਜ ਉਠਿਆ। ਸਾਰੀ ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਰਦਾਸਾ ਸੋਧਿਆ, ਤੇ ਮੁੱਖ ਵਾਕ ਤੋਂ ਬਾਅਦ ਜਹਾਜ਼ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ। ਸੰਤ ਨਾਭ ਕੰਵਲ ਸਿੰਘ ਜੀ ਜਹਾਜ਼ ਦੇ ਗ੍ਰੰਥੀ ਸਿੰਘ ਥਾਪੇ ਗਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਅਗਵਾਈ ਦੇ ਨਾਲ 165 ਮੁਸਾਫਿਰ ਅਤੇ ਉਥੋਂ ਦੀ ਸਥਾਨਕ ਸੰਗਤ ਢੋਲਕੀ ਛੈਣਿਆਂ ਨਾਲ ਜੋਟੀਆਂ ਦੇ ਸ਼ਬਦ ਗਾਇਨ ਕਰਦੀ ਹੋਈ ਇਕ ਜਲੂਸ ਦੇ ਰੂਪ ਵਿੱਚ ਘਾਟ ਵਲ ਤੁਰ ਪਈ। ਹਵਾ ਦੇ ਫਰਾਟਿਆਂ ਨਾਲ ਸਮੁੰਦਰ ਦੇ ਪਾਣੀ ਵਿੱਚ ਖੜ੍ਹੇ ਗੁਰੂ ਨਾਨਕ ਜਹਾਜ਼ ਦਾ ਲਹਿਰਾ ਰਿਹਾ ਕੇਸਰੀ ਨਿਸ਼ਾਨ ਖਾਲਸਾ ਸ਼ਾਨ ਦੀ ਸ਼ੋਭਾ ਦੇ ਰਿਹਾ ਸੀ। ਜਹਾਜ਼ ਦੀ ਅੰਤਲੀ ਵਿਸਲ ਤੇ ਮੁਸਾਫਰਾਂ ਅਤੇ ਸਥਾਨਕ ਸੰਗਤਾਂ ਦੇ ਸਾਂਝੇ ਅਕਾਸ਼ ਗੂੰਜਵੇਂ ਜੈਕਾਰਿਆਂ ਨਾਲ ਜ਼ਹਾਜ਼ ਸਮੁੰਦਰ ਦੇ ਡੂੰਘੇ ਪਾਣੀ ਵਲ ਚੱਲ ਪਿਆ। ਮੁਸਾਫਿਰ ਜਹਾਜ਼ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ [illegible] ਹਜ਼ੂਰੀ ਵਿੱਚ ਇਕੱਤਰ ਹੋ ਕੇ, ਦੀਵਾਨ ਲਗਾਂਦੇ, ਵਿਸ਼ਾਲ ਸਮੁੰਦਰ ਦੇ ਵਾਯੂ ਮੰਡਲ ਦਾ [illegible]ਰਾ ਵਾਤਾ ਵਰਣ ਮਧੁਰ ਭਰੀਆਂ ਗੁਰਬਾਣੀ ਦੇ ਕੀਰਤਨ ਦੀਆਂ ਧੁਨਾਂ ਨਾਲ ਗੂੰਜ ਉਠਦਾ। ਇਓਂ ਦਿਨ ਚੜ੍ਹਦੇ ਤੇ ਰਾਤਾਂ ਪੈਂਦੀਆਂ ਗਈਆਂ।

**ਸ਼ੰਘਈ**: 8 ਅਪਰੈਲ 1914 ਨੂੰ ਕਾਮਾਗਾਟਾ ਮਾਰੂ ਸ਼ੰਘਈ, ਚੀਨ ਦੀ ਖਾੜੀ ਤੇ ਜਾ ਲੱਗਾ। ਇੱਥੇ ਦੇ ਸ਼ਾਨ ਦਾਰ ਗੁਰਦੁਆਰਾ ਸਾਹਿਬ ਦੇ ਮੁਸਾਫਰਾ ਨੇ ਦਰਸ਼ਨ ਕੀਤੇ, ਵਿਸ਼ੇਸ਼ ਦੀਵਾਨ ਸਜੇ ਅਤੇ ਸਥਾਨਕ ਸੰਗਤਾਂ ਦੇ ਨਾਲ ਵਿਚਾਰ ਵਟਾਂਦਰੇ ਹੋਏ। 'ਗਦਰ ਪਾਰਟੀ' ਦਾ ਪਰਚਾਰ ਜੋ ਕੈਨੇਡਾ ਤੇ ਅਮਰੀਕਾ 'ਚ ਚੱਲ ਰਿਹਾ ਸੀ, ਉਹ ਹੁਣ ਤੱਕ ਇਨ੍ਹਾਂ ਟਾਪੂਆਂ ਵਿੱਚ ਵੀ ਪੁੱਜ ਚੁੱਕਾ ਸੀ। 'ਗਦਰ' ਅਖਬਾਰ 'ਗਦਰ ਦੀ ਗੂੰਜ' ਜੋ ਇਨਕਲਾਬੀ ਕਵਿਤਾਵਾਂ ਦਾ ਸੰਗ੍ਰਹਿ ਸੀ। ਇਹ ਸਾਰਾ ਗਦਰੀ ਸਾਹਿਤ ਹਾਂਗ ਕਾਂਗ ਤੋਂ ਚੱਲ ਕੇ ਵੈਨਕੂਵਰ ਤੱਕ ਲੱਗ ਭਗ ਹਰ ਇਕ ਬੰਦਰਗਾਹ ਤੋਂ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਨੂੰ ਪੁੱਜਦਾ ਰਿਹਾ। ਸਾਹਿਤ ਪੜ੍ਹਨ ਤੇ ਸੁਣਨ ਦੇ ਨਾਲ ਹਰ ਮੁਸਾਫਿਰ ਦੇ ਦਿਲ ਅੰਦਰ ਅੰਗਰੇਜ਼ੀ ਸਰਕਾਰ ਦੀ ਬਦਨੀਤੀ ਬਾਰੇ ਘਿਰਨਾ ਤੇ ਇਨਕਲਾਬੀ ਰੁਚੀਆਂ ਕੁੱਟ ਕੁੱਟ ਕੇ ਭਰੀਆਂ ਜਾ ਰਹੀਆਂ ਸਨ। 14 ਅਪਰੈਲ 1914 ਨੂੰ ਜਹਾਜ਼ ਇੱਥੋਂ ਰਵਾਨਾ ਹੋ ਕੇ 19 ਅਪਰੈਲ 1914 ਨੂੰ ਮੋਜੀ ਦੀ ਬੰਦਰਗਾਹ ਤੇ ਜਾ ਲੱਗਾ।

**ਮੋਜੀ**: ਇੱਥੇ ਪੁੱਜ ਕੇ ਬਾਬਾ ਜੀ ਨੇ ਜਹਾਜ਼ ਦੇ ਕਿਰਾਏ ਦੀਆਂ ਦੋ ਅਗਲੀਆਂ ਕਿਸ਼ਤਾਂ ਭਰੀਆਂ। ਵਿਉਪਾਰਿਕ ਦਰਿਸ਼ਟੀਕੋਨ ਦੇ ਪੱਖੋਂ 15, 000 ਪੰਦਰਾਂ ਹਜ਼ਾਰ ਯੈਨ ( ਜਪਾਨੀ ਸਿਕਾ ) ਦਾ ਕੋਇਲਾ ਖ੍ਰੀਦ ਕੇ ਜਹਾਜ਼ ਵਿੱਚ ਲੱਦਿਆ ਗਿਆ, ਤਾਂ ਜੋ ਕੈਨੇਡਾ ਪੁੱਜ ਕੇ ਦੁਗਣੇ ਮੁੱਲ ਤੇ ਵੇਚਿਆ ਜਾ ਸਕੇ। ਇੱਥੇ ਹੀ ਬਾਬਾ ਜੀ ਦਾ ਮੇਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਦੇ ਪਹਿਲੇ ਗ੍ਰੰਥੀ ਸਿੰਘ ਅਤੇ ਪਰਸਿੱਧ ਦੇਸ਼ ਭਗਤ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਨਾਲ ਹੋਇਆ। ਹਿੰਦੋਸਤਾਨ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਭਾਈ ਸਾਹਿਬ ਜੀ ਨੂੰ ਅੰਗਰੇਜ਼ੀ ਸਰਕਾਰ ਨੇ ਲਹੌਰ ਵਿਖੇ 1916 ਵਿੱਚ ਫਾਂਸੀ ਦੇ ਕੇ ਸ਼ਹੀਦ ਕਰ [illegible]ੱਤਾ। ਇਨ੍ਹਾਂ ਦੀ ਸ਼ਹੀਦੀ ਕੈਨੇਡਾ ਦੇ ਸਿਖ ਇਤਿਹਾਸ ਵਿੱਚ ਹਮੇਸ਼ਾ ਹੀ ਅਮਰ ਰਹੇਗੀ।

**ਯਕੋਹਾਮਾ**: ਕਾਮਾਗਾਟਾ ਮਾਰੂ 28 ਅਪਰੈਲ 1914 ਨੂੰ ਜਪਾਨ ਦੀ ਦੂਜੀ ਬੰਦਰਗਾਹ ਯਕੋਹਾਮਾ ਪੁੱਜ ਗਿਆ। 14 ਸਵਾਰੀਆਂ ਇੱਥੇ ਹੋਰ ਆ ਰਲੀਆਂ। ਨੌਜਵਾਨ ਮੁਸਾਫਿਰਾਂ ਦੀ ਕੁੱਲ ਗਿਣਤੀ 376 ਹੋ ਗਈ। ਜਿਸ ਵਿੱਚ 340 ਸਿੱਖ, 24 ਮੁਸਲਮਾਨ ਤੇ 12 ਹਿੰਦੂ ਸਨ। ਜਿਨ੍ਹਾਂ ਵਿੱਚ ਦੋ ਔਰਤਾਂ ਤੇ 4 ਬੱਚੇ ਸਨ। ਬਾਬਾ ਗੁਰਦਿੱਤ ਸਿੰਘ ਜੀ ਦਾ 6 ਵਰ੍ਹੇ ਦਾ ਭੁਝੰਗੀ ਬਲਵੰਤ ਸਿੰਘ ਵੀ ਸ਼ਾਮਲ ਸੀ।

**ਕੈਨੇਡਾ**: 2 ਮਈ 1914 ਦੀ ਸਾਗਰ ਦੀ ਵਿਸ਼ਾਲ ਹਿਕ ਚੀਰਦਾ ਹੋਇਆ ਕਾਮਾਗਾਟਾ ਮਾਰੂ ਸਿਧਾ ਕੈਨੇਡਾ ਵਲ ਤੁਰ ਪਿਆ। 21 ਮਈ 1914 ਨੂੰ ਸ਼ਾਮ ਨੂੰ ਕੈਨੇਡਾ ਵਿਖੇ ਬ੍ਰਿਟਿਸ਼ ਕੁਲੰਬੀਆ, ਦੀ ਰਾਜਧਾਨੀ ਵਿਕਟੋਰੀਆ ਦੀ ਬੰਦਰਗਾਹ ਦੀ ਹੱਦ ਵਿੱਚ ਪਹੁੰਚ ਗਿਆ। ਪੁੱਜਦਿਆਂ ਸਾਰ ਹੀ ਕੈਨੇਡਾ ਇਮੀਂਗ੍ਰੇਸ਼ਨ ਵਿਭਾਗ ਦੀਆਂ ਪਹਿਰਾ ਕਿਸ਼ਤੀਆਂ ਨੇ ਜਹਾਜ਼ ਨੂੰ ਚਾਰ ਚੁਫੇਰਿਓਂ ਘੇਰ ਲਿਆ। ਮੁਸਾਫਿਰਾਂ ਦਾ ਸਵਾਗਤ ਕਰਨ ਆਏ ਹੋਏ ਕਿਸੇ ਵੀ ਰਿਸ਼ਤੇਦਾਰਾਂ ਤੇ ਮਿਤਰਾਂ ਨੂੰ ਕਿਸੇ ਵੀ ਯਾਤਰੂ ਨਾਲ ਨਹੀਂ ਮਿਲਣ ਦਿੱਤਾ ਗਿਆ। ਇੱਥੋਂ ਚੱਲ ਕੇ 70 ਮੀਲ ਦਾ ਸਫਰ ਕਰਨ ਉਪ੍ਰੰਤ 23 ਮਈ 1914 ਨੂੰ ਅੰਮ੍ਰਿਤ ਵੇਲੇ ਤੜਕੇ ਹੀ ਕਾਮਾਗਾਟਾ ਮਾਰੂ ਵੈਨਕੂਵਰ ਦੀ ਖਾੜੀ ( ਬੁਰਾੜ ਇਨਲੈਟ) ਵਿੱਚ ਜਾ ਪੁੱਜਾ। ਜਹਾਜ਼ ਨੂੰ ਬੰਦਰਗਾਹ ਤੋਂ ਤਕਰੀਬਨ 250 ਗਜ਼ ਹਟਵਾਂ ਖੜ੍ਹਾ ਕਰਨ ਦਾ ਹੁਕਮ ਮਿਲਿਆ। ਇਮੀਂਗ੍ਰੇਸ਼ਨ ਵਿਭਾਗ ਨੇ ਕਨੇਡੀਅਨ ਪੁਲੀਸ ਦੇ ਸਖਤ ਪਹਿਰੇ ਲਗਾ ਦਿੱਤੇ ਗਏ। ਦੂਰੋਂ ਨੇੜਿਓਂ ਬਹੁ-ਗਿਣਤੀ ਵਿੱਚ ਕੈਨੇਡਾ ਦੇ ਵਸਨੀਕ ਭਾਰਤੀ ਇਨ੍ਹਾਂ ਮੁਸਾਫਿਰਾਂ ਦਾ ਸਵਾਗਤ ਕਰਨ ਲਈ ਹੁੰਮਹੁਮਾਂ ਕੇ ਪੁੱਜੇ ਹੋਏ ਸਨ, ਸਾਕ ਸਬੰਧੀਆਂ ਨੂੰ ਉਤਰਨ ਤੇ ਕੀ ਦੇਣਾ ਸੀ ਕੁੱਝ ਮਿੰਟਾ ਦੀ ਮਿਲਣੀ ਲਈ ਵੀ ਆਗਿਆ ਨਹੀਂ ਸੀ ਦਿੱਤੀ ਜਾ ਰਹੀ। ਲੰਮੇਂ ਸਫਰ ਦੇ ਥਕੇਵੇਂ ਨਾਲ ਭੰਨੇ ਹੋਏ ਮੁਸਾਫਿਰ ਚਿੰਤਾ ਵਿੱਚ ਗ੍ਰਸੇ ਗਏ। ਉਨ੍ਹਾਂ ਦਾ ਸਾਰਾ ਹੀ ਉਤਸ਼ਾਹ ਜਿਵੇਂ ਖਤਮ ਹੋ ਗਿਆ। ਗੋਰੇ ਸਿਪਾਹੀ ਜਹਾਜ਼ ਵਿੱਚ ਜਾ ਕੇ ਮੁਸਾਫਿਰਾਂ ਨੂੰ ਡਰਾਂਉਦੇ, ਧਮਕਾਂਉਦੇ ਤੇ ਝੂਠੀਆਂ ਖਬਰਾਂ ਅਖਬਾਰਾਂ ਵਾਲਿਆਂ ਨੂੰ ਦਿੰਦੇ। ਇਥੋਂ ਤੱਕ ਕਿ ਜਹਾਜ਼ ਦਾ ਜਪਾਨੀ ਕਪਤਾਨ ਜਾਮਾਮੋਟੋ ਤੇ ਡਾਕਟਰ ਰਘੁਨਾਥ ਸਿੰਘ ਵੀ ਗੋਰਿਆਂ ਨਾਲ ਰਲ ਗਏ। ਇਨ੍ਹਾਂ ਨੂੰ ਜਹਾਜ਼ 'ਚੋਂ ਉਤਰ ਕੇ ਆਉਣ ਜਾਣ ਦੀ ਖੁਲ੍ਹ ਮਿਲ ਗਈ। ਦਰਅਸਲ ਕੈਨੇਡਾ ਸਰਕਾਰ ਨੇ ਭਾਰਤ ਦੀ ਅੰਗਰੇਜ਼ੀ ਸਰਕਾਰ ਨਾਲ ਕਾਮਾਗਾਟਾ ਮਾਰੂ ਦੇ ਪੁੱਜਣ ਤੋਂ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਇਸ ਜਹਾਜ਼ ਨੂੰ ਬੰਦਰਗਾਹ ਤੇ ਨਹੀਂ ਲੱਗਣ ਦੇਣਾ। ਹਾਲਾਂਕਿ ਕਾਨੂੰਨ ਮੁਤਾਬਿਕ 200 ਡਾਲਰ ਵਾਲੀ ਸ਼ਰਤ ਪੂਰੀ ਸੀ। ਸਾਰੇ ਮੁਸਾਫਿਰ ਬ੍ਰਿਟਿਸ਼ ਸਬਜੈਕਟ ਵੀ ਸਨ ਲੇਕਿਨ ਫਿਰ ਵੀ ਖੁਲ੍ਹੇ ਆਮ ਵਿਤਕਰਾ ਕੀਤਾ ਜਾ ਰਿਹਾ ਸੀ। ਕੈਨੇਡਾ ਦੇ ਕਾਨੂੰਨ ਮੁਤਾਬਿਕ ਸੁਦਾਗਰ, ਪਰਚਾਰਿਕ, ਵਿਦਿਆਰਥੀ, ਸੈਲਾਨੀ ਤੇ ਸਰਕਾਰੀ ਕਰਿੰਦੇ ਕੈਨੇਡਾ ਦੀ ਧਰਤੀ ਤੇ ਉਤਰ ਸਕਦੇ ਸਨ। ਬਾਬਾ ਜੀ ਖੁਦ ਸੁਦਾਗਰ ਦੇ ਤੌਰ ਤੇ ਕੋਲਿਆਂ ਦਾ ਵਪਾਰ ਕਰਨ ਆਏ ਸਨ। ਵੈਨਕੂਵਰ ਦੀ ਸੰਗਤ ਇਕ ਇਕ ਮੁਸਾਫਿਰ ਲਈ ਮੂੰਹ ਮੰਗੀ ਜ਼ਮਾਨਤ ਦੇਣ ਲਈ ਤਿਆਰ ਸੀ। ਪਰ ਸਰਕਾਰ ਦੀ ਬਦਨੀਤੀ ਦੇ ਕਾਰਨ ਕੁੱਝ ਵੀ ਪੇਸ਼ ਨਹੀਂ ਸੀ ਜਾਂਦੀ।

**ਹਾਪਕਿਨਸਨ**: ਹਾਪਕਿਨਸਨ ਇਮੀਂਗ੍ਰੇਸ਼ਨ ਵਿਭਾਗ ਦਾ ਇਨਸਪੈਕਟਰ ਅਤੇ ਭਾਰਤੀ ਅੰਗਰੇਜ਼ੀ ਤੇ ਕੈਨੇਡਾ ਸਰਕਾਰ ਦਾ ਜਾਸੂਸ ਸੀ। ਪੰਜਾਬੀ ਬੋਲੀ ਚੰਗੀ ਤਰਾਂ ਜਾਣਦਾ ਸੀ। ਪੰਜਾਬ ਪੁਲਿਸ ਵਿੱਚ ਨੌਕਰੀ ਵੀ ਕਰ ਚੁੱਕਾ ਸੀ। ਰਿਸ਼ਵਤ ਦਾ ਲਹੂ ਇਸ ਦੇ ਮੂੰਹ ਲੱਗਾ ਹੋਇਆ ਸੀ। ਇਕ ਦਿਨ ਇਹ ਜਹਾਜ਼ ਵਿੱਚ ਆ ਕੇ ਬਾਬਾ ਜੀ ਨੂੰ ਆਖਣ ਲੱਗਾ ਕਿ 'ਜੇ ਤੁਸੀਂ ਮੈਨੂੰ ਦੋ ਹਜ਼ਾਰ ਡੌਲਰ ਨਕਦ ਦੇ ਦੇਵੋ ਤਾਂ ਮੁਸਾਫਿਰ ਉਤਾਰੇ ਜਾ ਸਕਦੇ ਹਨ ਪਰ ਇਹ ਗੱਲ ਤੁਹਾਡੇ ਤੇ ਮੇਰੇ ਵਿਚਕਾਰ ਹੀ ਰਹਿਣੀ ਚਾਹੀਦੀ ਹੈ'। ਬਾਬਾ ਜੀ ਨੇ ਉਤਰ ਦਿੱਤਾ ਕਿ ਇਹ ਗੱਲ ਮੈਂ ਆਪਣੇ ਸਾਥੀਆਂ ਤੋਂ ਨਹੀਂ ਛੁਪਾ ਸਕਦਾ। ਤਦ ਉਹ ਗੁੱਸੇ ਵਿੱਚ ਭਰਿਆ ਹੋਇਆ ਕਈ ਪਰਕਾਰ ਦੀਆਂ ਧਮਕੀਆਂ ਦੇ ਕੇ ਜਹਾਜ਼ ਵਿੱਚੋਂ ਉਤਰ ਗਿਆ। ਇਹ ਬੜਾ ਹੀ ਬਦਨਾਮ ਤੇ ਸ਼ੈਤਾਨ ਦਿਮਾਗ ਵਾਲਾ ਅਫਸਰ ਸੀ। ਇਸ ਨੇ ਜਹਾਜ਼ ਦੇ ਮੁਸਾਫਿਰਾਂ ਦੀ ਆਪਸ ਵਿੱਚ ਫੁੱਟ ਪੁਆਉਣ ਦੀ ਪੂਰੀ ਕੋਸ਼ਿਸ ਕੀਤੀ। ਇਕ ਮੁਸ਼ਾਫਿਰ ਮੁਨਸ਼ੀ ਸਿੰਘ ਇਸ ਦੀਆਂ ਗੱਲਾਂ ਵਿੱਚ ਫਸ ਵੀ ਗਿਆ। ਹਾਪਕਿਨਸਨ ਨੇ ਆਪਣੀ ਚਾਲ ਚੱਲੀ ਤੇ ਇਸ ਪਾਸੋਂ ਕੈਨੇਡਾ ਉਤਰਨ ਲਈ ਅਰਜ਼ੀ ਦੁਆ ਦਿੱਤੀ ਤੇ ਮੁਕਦਮੇਂ ਵਿੱਚ ਉਲਟੇ ਸਿੱਧੇ ਬਿਆਨ ਦੁਆ ਕੇ ਫੈਸਲਾ ਇਸ ਦੇ ਵਿਰੁੱਧ ਸੁਣਾ ਦਿੱਤਾ ਗਿਆ। ਇਸ ਨੂੰ ਕੈਨੇਡਾ ਛੱਡ ਜਾਣ ਦਾ ਹੁਕਮ ਹੋ ਗਿਆ। ਇਸ ਮੁਕਦਮੇਂ ਦੇ ਫੈਸਲੇ ਦਾ ਹਵਾਲਾ ਦੇ ਕੇ ਇਮੀਂਗ੍ਰੇਸ਼ਨ ਵਿਭਾਗ ਨੇ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਜਾਣ ਦਾ ਨੋਟਿਸ ਦੇ ਦਿੱਤਾ। ਇਹ ਸਾਰੀ ਹੀ ਭੈੜੀ ਚਾਲ ਹਾਪਕਿਨਸਨ ਦੇ ਬਦ-ਦਿਮਾਗ ਦੀ ਸੀ। ਕੈਨੇਡਾ ਵਿੱਚ ਵਸਦੀ ਭਾਰਤੀ ਕਮਿਉਨਿਟੀ ਨੂੰ ਇਹ ਹਰ ਵੇਲੇ ਹੀ ਕਿਸੇ ਨਾ ਕਿਸੇ ਢੰਗ ਨਾਲ ਨੁਕਸਾਨ ਪਹੁੰਚਾਉਣ ਦਾ ਹੀ ਯਤਨ ਕਰਦਾ ਰਹਿੰਦਾ। ਇੱਥੋਂ ਤੱਕ ਕਿ ਇਹ ਕਈ ਵਾਰੀ ਭੇਸ ਬਦਲ ਕੇ ਪੰਜਾਬੀਆਂ ਵਿੱਚ ਜਾ ਬੈਠਦਾ, ਅਤੇ ਉਨ੍ਹਾਂ ਦੀਆਂ ਭੇਤ ਭਰੀਆਂ ਸਾਰੀਆਂ ਖਬਰਾਂ ਸਰਕਾਰ ਨੂੰ ਜਾ ਦੱਸਦਾ। ਭਾਰਤੀ ਇਸ ਤੋਂ ਬਹੁਤ ਹੀ ਤੰਗ ਆਏ ਹੋਏ ਸਨ। ਆਪਣੀਆਂ ਭੈੜੀਆਂ ਕਰਤੂਤਾਂ ਦੇ ਕਾਰਨ 21 ਅਕਤੂਬਰ 1914 ਨੂੰ ਸ੍ਰ ਮੇਵਾ ਸਿੰਘ ਲੋਪੋਕੇ ਦੇ ਹੱਥੀਂ ਕਚਿਹਰੀ ਵਿੱਚ ਗੋਲੀ ਦਾ ਸ਼ਿਕਾਰ ਬਣਿਆ। ਕੈਨੇਡਾ ਦੇ ਪਹਿਲੇ ਸਿਖ ਅਮਰ ਸ਼ਹੀਦ ਨੌਜਵਾਨ ਭਾਈ ਮੇਵਾ ਸਿੰਘ ਜੀ ਨੂੰ 11 ਜਨਵਰੀ 1915 ਵਿੱਚ ਵੈਨਕੂਵਰ ਵਿਖੇ ਫਾਂਸੀ ਦਿੱਤੀ ਗਈ। ਭਾਈ ਸਾਹਿਬ ਜੀ ਦੀ ਕੁਰਬਾਨੀ ਨੇ ਕੈਨੇਡਾ ਦੇ ਸਿਖ ਇਤਿਹਾਸ ਅੰਦਰ ਗੌਰਵ ਮਈ ਵਿਰਸਾ ਕਾਇਮ ਕਰ ਦਿੱਤਾ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਅੰਦਰ ਸਜੇ ਦੀਵਾਨ ਵਿੱਚ 5 ਸਤੰਬਰ 1914 ਨੂੰ ਸਰਕਾਰ ਦੇ ਝੋਲੀ ਚੁੱਕ ਗੱਦਾਰ ਬੇਲਾ ਸਿੰਘ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਰੰਗੇ ਹੱਥੀਂ ਪਕੜਨ ਦੇ ਬਾਵਜੂਦ ਵੀ ਇਸ ਨੂੰ ਬਰੀ ਕਰ ਦਿੱਤਾ ਗਿਆ ਅਤੇ ਇਨਾਮ ਵਜੋਂ ਜ਼ਿਲ੍ਹਾ ਮਿੰਟਗੁਮਰੀ ਵਿੱਚ 4 ਮੁਰੱਬੇ ਵੀ ਸਰਕਾਰ ਵਲੋਂ ਦਿੱਤੇ ਗਏ। ਅੰਤ 1933 ਵਿੱਚ ਜੂਨ ਦੇ ਮਹੀਨੇ ਬੱਬਰ ਹਰੀ ਸਿੰਘ ਸੂੰਢ ਦੇ ਹੱਥੋਂ ਮਾਰਿਆ ਗਿਆ।

**ਕਿਸ਼ਤ:** 4 ਜੂਨ 1914 ਤੱਕ ਕਾਮਾਗਾਟਾ ਮਾਰੂ ਦੀ ਕਿਰਾਏ ਦੀ ਦੋ ਮਹੀਨੇ ਦੀ ਕਿਸ਼ਤ 22,000 ਬਾਈ ਹਜ਼ਾਰ ਡੌਲਰ ਦੇਣੀ ਜ਼ਰੂਰੀ ਸੀ, ਅਤੇ ਇਹ ਕਿਸ਼ਤਾਂ ਕੋਇਲਾ ਵੇਚ ਕੇ ਉਤਾਰਨੀਆਂ ਸਨ। ਪਰ ਕੈਨੇਡਾ ਦੀ ਸਰਕਾਰ ਬਾਬਾ ਜੀ ਨੂੰ ਜਹਾਜ਼ ਤੋਂ ਥੱਲੇ ਕੈਨੇਡਾ ਦੀ ਧਰਤੀ ਤੇ ਪੈਰ ਨਹੀਂ ਸੀ ਰੱਖਣ ਦਿੰਦੀ। ਇੱਸ ਵਧੀਕੀ ਤੇ ਬੇਇਨਸਾਫੀ ਤੇ ਹਰਜਾਨੇ ਬਾਬਤ ਬਾਬਾ ਜੀ ਨੇ ਕੈਨੇਡਾ ਦੇ ਇਮੀਂਗ੍ਰੇਸ਼ਨ ਵਿਭਾਗ ਤੇ ਦਾਅਵਾ ਕਰਨਾ ਚਾਹਿਆ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਹਾਇਤਾ ਨਾਲ ਇਕ ਲਾਇਕ ਜੇ.ਈ.ਬੀ.ਬਰਡ ਵਕੀਲ ਕੀਤਾ ਗਿਆ। ਪਰ ਮੁਕਦਮੇਂ ਦੇ ਦੌਰਾਨ ਵਕੀਲ ਨੂੰ ਬਾਬਾ ਜੀ ਨਾਲ ਇੱਕ ਵਾਰੀ ਵੀ ਮਿਲਨ ਨਹੀਂ ਦਿੱਤਾ ਗਿਆ। ਕਾਮਾਗਾਟਾ ਮਾਰੂ ਬਾਰੇ ਪੂਰੇ ਹਾਲਾਤ ਜਾਣੂ ਹੋਣ ਤੋਂ ਬਿਨਾ ਵਕੀਲ ਹਨੇਰੇ ਵਿੱਚ ਹੀ ਲੜਦਾ ਰਿਹਾ ਅਖੀਰ ਨਿਰਾਸ਼ਤਾ ਹੋਈ। ਜਹਾਜ਼ ਦੇ ਮੁਸਾਫਿਰਾਂ ਤੇ ਐਨੀ ਸਖਤੀ ਵਰਤੀ ਜਾ ਰਹੀ ਸੀ ਕਿ ਬਾਬਾ ਜੀ ਲਈ ਜਹਾਜ਼ ਦੀ ਕਿਸ਼ਤ ਤਾਰਨੀ ਬੜੀ ਔਖੀ ਸੀ। ਸੋ ਇਨ੍ਹਾਂ ਇਸ ਸਬੰਧੀ ਭਾਈ ਬਲਵੰਤ ਸਿੰਘ ਜੀ ਨਾਲ ਲਿਖਾ ਪੜ੍ਹੀ ਸ਼ੁਰੂ ਕੀਤੀ। ਗੋਰੇ ਸਿਪਾਹੀ ਪੈਸੇ ਦੇ ਲਾਲਚ ਨਾਲ ਚਿੱਠੀਆਂ ਏਧਰ ਓਧਰ ਪਹੁੰਚਾ ਦਿੰਦੇ ਸਨ। 3 ਜੂਨ 1914 ਨੂੰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜੇ। ਜਿਸ ਵਿੱਚ ਲਗ ਭਗ 700 ਦੇ ਕਰੀਬ ਸੰਗਤ ਹਾਜ਼ਰ ਹੋਈ। ਇਸ ਸੰਕਟ ਦੇ ਸਮੇਂ 5000 ਪੰਜ ਹਜ਼ਾਰ ਡੌਲਰ ਦੀ ਰਕਮ ਇਕੱਠੀ ਹੋਈ ਤੇ 50,000 ਪੰਜਾਹ ਹਜ਼ਾਰ ਡੌਲਰ ਦਾ ਵਾਅਦਾ ਕੀਤਾ ਗਿਆ। ਕਾਮਾਗਾਟਾ ਮਾਰੂ ਸਹਾਇਕ ਕਮੇਟੀ ਬਣਾਈ ਗਈ। ਬਾਬਾ ਜੀ ਨੇ ਜਹਾਜ਼ ਦਾ ਨਵਾਂ ਪਟਾ ਸ੍ਰ ਭਾਗ ਸਿੰਘ ਜੀ ਤੇ ਮਿ. ਹਸਨ ਰਹੀਮ ਦੇ ਨਾਂ ਕਰ ਦਿੱਤਾ। ਨਵੇਂ ਪਟੇਦਾਰਾਂ ਨੇ ਜਹਾਜ਼ ਦੀ ਕਿਸ਼ਤ ਉਤਾਰ ਦਿੱਤੀ।

**ਤਸ਼ੱਦਦ:** ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਦਾ ਰਾਸ਼ਨ ਪਾਣੀ ਖਤਮ ਹੋ ਚੁੱਕਾ ਸੀ। ਮੁਸਾਫਿਰ ਭੁੱਖ ਤੇ ਪਿਆਸ ਨਾਲ ਤੜਫ ਰਹੇ ਸਨ। ਪਰ ਜਪਾਨੀ ਕਪਤਾਨ ਤੇ ਨੌਕਰ ਗੁਲਸ਼ੱਰੇ ਉਡਾਂਉਦੇ ਸਨ। ਮੁਸਾਫਿਰਾਂ ਨੂੰ ਫਾਕੇ ਕੱਟਦਿਆਂ ਚਾਰ ਦਿਨ ਬੀਤ ਚੁੱਕੇ ਸਨ। ਗਰਮੀਂ ਦੀ ਰੁੱਤ ਪਾਣੀ ਲਈ ਵਿਆਕੁਲ ਭੁੱਖ ਨਾਲ ਵਿਲੂੰ ਵਿਲੂੰ ਕਰਦੇ ਬੱਚਿਆਂ ਸਮੇਤ ਸਾਰੇ ਮੁਸਾਫਿਰਾਂ ਦਾ ਬੁਰਾ ਹਾਲ ਹੋ ਰਿਹਾ ਸੀ। ਇੱਥੋਂ ਦੀ ਮੌਜੂਦਾ ਸਰਕਾਰ ਦਾ ਵਿਤਕਰੇ ਭਰਿਆ ਵਰਤਾਰਾ ਹੀ ਨਹੀਂ ਬਲਕਿ ਇਨਸਾਨੀਅਤ ਵੀ ਗਿਰ ਚੁੱਕੀ ਸੀ। ਵਿਪਤਾ ਦੇ ਮਾਰੇ ਮੁਸਾਫਿਰਾਂ ਦਾ ਹਸ਼ਰ ਵੇਖਣ ਲਈ ਬੰਦਰਗਾਹ ਤੇ ਤਮਾਸ਼ਬੀਨ ਗੋਰਿਆਂ ਦੀ ਹਰ ਵੇਲੇ ਚਹਿਲ ਪਹਿਲ ਲੱਗੀ ਰਹਿੰਦੀ।

**ਸਹਾਇਤਾ:** ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਿਰਾਂ ਦੀਆਂ ਇਹ ਮੁਸੀਬਤਾਂ ਭਰੀਆਂ ਦੁੱਖਦਾਇਕ ਖਬਰਾਂ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿੱਚ ਵੀ ਪਹੁੰਚਦੀਆਂ ਰਹਿੰਦੀਆਂ ਸਨ। ਅਖੀਰ ਦੀਵਾਨ ਵਿੱਚ ਸੰਗਤਾਂ ਨੇ ਫੈਸਲਾ ਕੀਤਾ ਕਿ ਕਿਵੇਂ ਨਾ ਕਿਵੇਂ ਅਸਾਂ ਜਹਾਜ਼ ਵਿੱਚ ਰਾਸ਼ਨ ਤੇ ਪਾਣੀ ਜ਼ਰੂਰ ਹੀ ਪਹੁੰਚਾਉਣਾ ਹੈ। ਪੁਲਿਸ ਦੀਆਂ ਨਜ਼ਰਾਂ ਤੋਂ ਬਚ ਕੇ ਰਾਸ਼ਨ ਖ੍ਰੀਦਿਆ ਗਿਆ। ਪਾਣੀ ਦੇ ਪੀਪੇ ਭਰ ਕੇ ਤਿਆਰ ਕੀਤੇ ਗਏ। ਕਾਫੀ ਪੈਸੇ ਦੇ ਕੇ ਅਗਨਬੋਟ ਵਾਲੇ ਨਾਲ ਗੱਲ ਮਿੱਥ ਲਈ ਗਈ। ਰਾਤ ਦੇ ਹਨੇਰੇ ਵਿੱਚ ਬੜੀ ਹੀ ਹੁਸ਼ਿਆਰੀ ਨਾਲ ਸ੍ਰ ਹਰਨਾਮ ਸਿੰਘ ਝੰਡਾ ਤੇ ਦੋ ਹੋਰ ਸੇਵਾਦਾਰਾਂ ਨੇ ਰਲ ਕੇ ਅਗਨਬੋਟ ਰਾਹੀਂ ਭੁੱਖਿਆਂ, ਤਿਹਾਇਆਂ ਮੁਸਾਫਿਰਾਂ ਨੂੰ ਰਾਸ਼ਨ ਤੇ ਪਾਣੀ ਪਹੁੰਚਾਉਣ ਦੀ ਸੇਵਾ ਕੀਤੀ। ਸੇਵਾ ਸਫਲ ਹੋ ਗਈ। ਪੁਲਿਸ ਨੇ ਇਨ੍ਹਾਂ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ। ਹਫਤੇ ਦੀ ਹਵਾਲਾਤ ਮਗਰੋਂ ਜ਼ਮਾਨਤਾਂ ਹੋ ਗਈਆਂ। 21 ਜੂਨ 1914 ਨੂੰ ਡੋਮੀਂਨੀਅਨ ਹਾਲ ਵਿੱਚ ਰੋਸ ਵਜੋਂ ਵੈਨਕੂਵਰ ਨਿਵਾਸੀਆਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਿਰਾਂ ਤੇ ਹੋ ਰਹੇ ਜ਼ੁਲਮਾਂ ਦੇ ਸਬੰਧ ਵਿੱਚ ਇੱਕਤ੍ਰਤਾ ਕੀਤੀ। ਜਿਸ ਵਿੱਚ ਕੈਨੇਡਾ ਸਰਕਾਰ ਦੀ ਨੀਤੀ ਨੂੰ ਖੂਬ ਭੰਡਿਆ ਗਿਆ। ਇਸ ਮੀਟਿੰਗ ਵਿੱਚ ਹਮਦਰਦ ਗੋਰੇ ਵੀ ਸ਼ਾਮਲ ਹੋਏ। ਕੈਨੇਡਾ ਸਰਕਾਰ ਵਲੋਂ ਭਾਰਤੀ ਮੁਸਾਫਿਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੇ ਮੁਸਾਫਿਰਾਂ ਨੂੰ ਭੁੱਖੇ ਤਿਹਾਏ ਸਮੁੰਦਰ ਵਿੱਚ ਕੈਦ ਕਰ ਛੱਡਣ ਦੀਆਂ ਖਬਰਾਂ ਸਾਰੀ ਦੁਨੀਆਂ ਵਿੱਚ ਫੈਲ ਰਹੀਆਂ ਸਨ। ਤਕਰੀਬਨ ਸਾਰੀਆਂ ਹੀ ਰਾਜਸੀ ਸੰਸਥਾਵਾਂ ਨੇ ਕਾਮਾਗਾਟਾ ਮਾਰੂ ਦੇ ਸਬੰਧ ਵਿੱਚ ਮਤੇ ਪਾਸ ਕਰਕੇ ਅੰਗਰੇਜ਼ੀ ਸਰਕਾਰ ਦਾ ਧਿਆਨ ਇਸ ਪਾਸੇ ਦੁਆਇਆ। ਸਿੱਟੇ ਵਜੋਂ ਮੁਸਾਫਿਰਾਂ ਨੂੰ ਸਰਕਾਰੀ ਪਹਿਰੇ ਹੇਠ ਰਾਸ਼ਨ ਪਾਣੀ ਮੰਗਵਾਉਣ ਦੀ ਖੁਲ੍ਹ ਦੇ ਦਿੱਤੀ ਗਈ। ਜਿਸ ਦਾ ਖਰਚਾ ਨਵੇਂ ਪਟੇਦਾਰਾਂ ਪਾਸੋਂ ਵਸੂਲ ਕੀਤਾ ਜਾਂਦਾ।

**ਸੀ-ਲਾਇਨ:** 18 ਜੁਲਾਈ 1914 ਦੀ ਰਾਤ ਨੂੰ ਪਹਿਰਾ ਦੇ ਰਹੇ ਜਹਾਜ਼ ਦੇ ਮੁਸਾਫਿਰਾਂ ਦੀ ਨਜ਼ਰ ਇੱਕ ਜੰਗੀ ਬੇੜੀ ਤੇ ਪਈ ਜੋ ਬੜੀ ਹੀ ਤੇਜ਼ੀ ਨਾਲ ਕਾਮਾਗਾਟਾ ਮਾਰੂ ਵਲ ਵਧੀ ਆ ਰਹੀ ਸੀ। ਵੇਖਦਿਆਂ ਵੇਖਦਿਆਂ ਸੀ-ਲਾਇਨ ਦੀ ਜੰਗੀ ਬੇੜੀ ਡੇਢ ਦੋ ਸੌ ਦੇ ਕਰੀਬ ਹਥਿਆਰ ਬੰਦ ਗੋਰਿਆਂ ਨਾਲ ਕਾਮਾ ਗਾਟਾ ਮਾਰੂ ਜਹਾਜ਼ ਕੋਲ ਪੁੱਜ ਗਈ ਅਤੇ ਜਹਾਜ਼ ਨੂੰ ਜ਼ੋਰ ਨਾਲ ਧੱਕ ਕੇ ਵੈਨਕੂਵਰ ਦੇ ਖਾੜੀ ਵਿੱਚੋਂ ਬਾਹਰ ਕੱਢ ਕੇ ਖੁਲ੍ਹੇ ਪਾਣੀ ਵਲ ਠੇਲ੍ਹਣ ਦਾ ਯਤਨ ਕਰਨ ਲੱਗੀ। ਇਸ ਮਕਸਦ ਨਾਲ ਉਨ੍ਹਾਂ ਨੇ ਇਕ ਪੱਕਾ ਰੱਸਾ ਲੈ ਕੇ ਕਾਮਾਗਾਟਾ ਮਾਰੂ ਨੂੰ ਸੀ-ਲਾਇਨ ਨਾਲ ਬੰਨ੍ਹ ਕੇ ਖੁਲ੍ਹੇ ਪਾਣੀ ਵਲ ਖਿਚਣਾ ਸ਼ੁਰੂ ਕਰ ਦਿੱਤਾ। ਸਰਕਾਰ ਦੀ ਅਜਿਹੀ ਘਿਰਣਾ ਭਰੀ ਬਦਨੀਤੀ ਤੋਂ ਇਹ ਮੁਸਾਫਿਰ ਬਿਲਕੁਲ ਹੀ ਬੇਖਬਰ ਸਨ। ਮੁਕਾਬਲਾ ਕਰਨ ਲਈ ਇਨ੍ਹਾਂ ਪਾਸ ਕੋਈ ਵੀ ਹਥਿਆਰ ਨਹੀਂ ਸੀ। ਪਰ ਸੂਰ ਬੀਰ, ਦਲੇਰ ਤੇ ਸਮਝਦਾਰ ਮੁਸਾਫਿਰਾਂ ਨੇ ਮੌਜੀ ਤੋਂ ਵਪਾਰ ਕਰਨ ਲਈ ਲਿਆਂਦਾ ਹੋਇਆ ਕੋਇਲਾ ਹੀ ਹਥਿਆਰ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ। ਸੀ-ਲਾਇਨ ਤੇ ਕੋਇਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ। ਪੁਲਿਸ ਨੇ ਮੀਂਹ ਵਾਂਗ ਗੋਲੀਆਂ ਵਰ੍ਹਾਈਆਂ। ਇੱਥੇ ਹੀ ਬੱਸ ਨਹੀਂ ਬਲਕਿ ਗਰਮ ਉਬਲਦਾ ਪਾਣੀ ਪੰਪਾਂ ਰਾਹੀਂ ਮੁਸਾਫਿਰਾਂ ਤੇ ਸੁੱਟਿਆ ਜਾ ਰਿਹਾ ਸੀ। ਕਾਫੀ ਦੇਰ ਘਮਸਾਣ ਦਾ ਯੁੱਧ ਇੱਕ ਪਾਸੇ ਤੇ ਨਿਹੱਥੇ ਮੁਸਾਫਿਰ ਕੋਇਲਿਆਂ ਨਾਲ ਤੇ ਦੂਜੇ ਪਾਸੇ ਗੋਲੀਆਂ ਤੇ ਉਬਲਦੇ ਪਾਣੀ ਦਾ ਹੁੰਦਾ ਰਿਹਾ। ਦੋਵੇਂ ਪਾਸੇ ਕਾਫੀ ਗਿਣਤੀ ਵਿੱਚ ਫੱਟੜ ਹੋਏ। ਇਤਿਹਾਸ ਵਿੱਚ ਅੰਗਰੇਜ਼ਾਂ ਦੀ ਨੇਵੀ, ਜਲ ਸੈਨਾ ਨੇ ਅੰਗਰੇਜ਼ੀ ਰਾਜ ਦੇ ਬਸ਼ਿੰਦਿਆਂ ਤੇ ਅੰਗਰੇਜ਼ਾਂ ਦੇ ਮੁਲਕ ਵਿੱਚ ਹੀ ਹਮਲਾ ਕੀਤਾ। ਮੁਸਾਫਿਰ ਤੇ ਨੇਵੀ ਇੱਕੋ ਰਾਜੇ ਦੀ ਰਈਅਤ ਸਨ ਭਾਰਤ ਤੇ ਕੈਨੇਡਾ ਵਿੱਚ ਇੱਕੋ ਸਰਕਾਰ ਦਾ ਝੰਡਾ ਝੂੱਲ ਰਿਹਾ ਸੀ। ਦੋਹਾਂ ਨੂੰ ਇੱਕੋ ਜਿਹੇ ਹੱਕ ਪ੍ਰਾਪਤ ਹੋਣੇ ਚਾਹੀਦੇ ਸਨ। ਪਰ ਹਿੰਦੋਸਤਾਨੀ ਮੁਸਾਫਰਾਂ ਨਾਲ ਤੇ ਗੈਰ ਮੁਲਕਾਂ ਦੇ ਵਸਨੀਕਾਂ ਤੋਂ ਵੀ ਬਦਤਰ ਸਲੂਕ ਕੀਤਾ ਗਿਆ। ਗੁਰੂ ਦੀ ਕਿਰਪਾ ਸਦਕਾ ਮੁਸਾਫਿਰਾਂ ਦੀ ਜਿੱਤ ਹੋਈ ਤੇ ਇੱਕ ਵਾਰੀ ਫੇਰ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਕਾਲੀ ਬੋਲੀ ਹਨੇਰੀ ਰਾਤ ਗੂੰਜ ਉੱਠੀ। ਇਹ ਖਬਰ ਸਾਰੀ ਦੁਨੀਆਂ ਵਿੱਚ ਫੈਲ ਗਈ ਕਿ ਭੁੱਖੇ ਤਿਹਾਏ ਬੇ-ਹਥਿਆਰ ਭਾਰਤੀਆਂ ਨੇ ਹਥਿਆਰਬੰਦ ਕੈਨੇਡਾ ਪੁਲਿਸ ਵਾਲਿਆਂ ਨੂੰ ਕੋਇਲੇ ਮਾਰ ਮਾਰ ਕੇ ਹੀ ਭਜਾ ਛੱਡਿਆ। ਇਸ ਘਟਨਾ ਤੋਂ ਉਪ੍ਰੰਤ ਇਮੀਂਗ੍ਰੇਸ਼ਨ ਵਿਭਾਗ ਨੇ ਕੈਨੇਡਾ ਦੀ ਰਾਜਧਾਨੀ ਔਟਵਾ ਸਰਕਾਰ ਤੋਂ ਫੌਜੀ ਮਦਦ ਮੰਗੀ ਤੇ ਲਿਖਿਆ ਕਿ ਮੁਸਾਫਿਰ ਬਾਗ਼ੀ ਹੋ ਗਏ ਹਨ। ਦੋ ਦਿਨਾ ਦੇ ਅੰਦਰ ਹੀ ਅੰਦਰ ਕੈਨੇਡੀਅਨ ਫੌਜੀ ਪਲਟਨਾ ਵੈਨਕੂਵਰ ਪੁੱਜ ਗਈਆਂ। ਸਰਕਾਰੀ ਪੱਧਰ ਤੇ ਫੌਜੀ ਤਿਆਰੀਆਂ ਸ਼ੁਰੂ ਹੋ ਗਈਆਂ। ਵੈਨਕੂਵਰ ਦੇ ਭਾਰਤੀ ਵਸਨੀਕ ਅਤੇ ਜਹਾਜ਼ ਦੇ ਮੁਸਾਫਿਰ ਆਉਣ ਵਾਲੀ ਬੜੀ ਵੱਡੀ ਮੁਸੀਬਤ ਦੀ ਟੱਕਰ ਲਈ ਦਲੇਰੀ ਨਾਲ ਮੁਕਾਬਲਾ ਕਰਨ ਦੀ ਬਿਓਂਤ ਬਣਾ ਕੇ ਤਿਆਰ ਬਰ ਤਿਆਰ ਹੋ ਗਏ।

**ਰੇਨਬੋ:** 21 ਜੁਲਾਈ 1914 ਦੀ ਸਵੇਰ ਨੂੰ ਕੈਨੇਡਾ ਦੀ ਸਰਕਾਰ ਨੇ ਰੇਨਬੋ ਨਾਮ ਦਾ ਇੱਕ ਜੰਗੀ ਜਹਾਜ਼ ਜਿਸ ਦੇ ਤੋਪਖਾਨੇ ਦਾ ਮੂੰਹ ਕਾਮਾਗਾਟਾ ਮਾਰੂ ਵਲ ਕੀਤਾ ਹੋਇਆ ਸੀ, ਵੈਨਕੂਵਰ ਦੀ ਖਾੜੀ ਵਿੱਚ ਲਿਆ ਖੜ੍ਹਾ ਕੀਤਾ। ਰੇਨਬੋ ਦੇ ਇੱਕ ਫੌਜੀ ਅਫਸਰ ਨੇ ਬਾਬਾ ਜੀ ਨੂੰ ਸੰਦੇਸ਼ ਭੇਜਿਆ ਕਿ ਤੁਹਾਨੂੰ ਦੋ ਘੰਟੇ ਦੀ ਮੁਹਲਤ ਦਿੱਤੀ ਜਾਂਦੀ ਹੈ। ਇਨ੍ਹਾਂ ਦੋ ਘੰਟਿਆਂ ਦੇ ਅੰਦਰ ਹੀ ਇਹ ਬੰਦਰਗਾਹ ਛੱਡ ਜਾਵੋ ਨਹੀਂ ਤੇ ਤੋਪ ਦੇ ਗੋਲਿਆ ਨਾਲ ਤੁਹਾਨੂੰ ਸੱਭ ਨੂੰ ਭੁੰਨ ਦਿੱਤਾ ਜਾਵੇਗਾ। ਮੁਸਾਫਿਰਾਂ ਨੇ ਬੜੇ ਹੀ ਹੌਸਲੇ ਨਾਲ ਇਸ ਵੰਗਾਰ ਨੂੰ ਸਵੀਕਾਰ ਕੀਤਾ। ਬਾਬਾ ਜੀ ਨੇ ਮੋੜਵਾਂ ਉੱਤਰ ਭੇਜਿਆ ਕਿ ਅਸੀਂ ਭੁੱਖੇ ਤਿਹਾਏ ਇੱਥੋਂ ਤੁਰਨ ਲਈ ਤਿਆਰ ਨਹੀਂ ਹਾਂ। ਜੇ ਸਰਕਾਰ ਸਾਨੂੰ ਰਸਤੇ ਲਈ ਰਾਸ਼ਨ ਪਾਣੀ ਦੇ ਦੇਵੇ ਤਾਂ ਅਸੀਂ ਅੱਜ ਹੀ ਚਲੇ ਜਾਂਦੇ ਹਾਂ। ਰਸਤੇ ਵਿੱਚ ਭੁੱਖੇ ਤੇ ਤਿਹਾਏ ਮਰਨ ਨਾਲੋਂ ਸੂਰ ਬੀਰਾਂ ਵਾਂਗ ਇੱਥੇ ਮਰ ਕੇ ਸ਼ਹੀਦ ਹੋਣਾ ਚੰਗਾ ਸਮਝਦੇ ਹਾਂ। ਦੋ ਘੰਟੇ ਦਾ ਸਮਾਂ ਬਤੀਤ ਹੋਣ ਤੋਂ ਬਾਅਦ ਰੇਨਬੋ ਵਿੱਚ ਬੈਂਡ ਦੀਆਂ ਮਾਤਮੀਂ ਧੁੰਨਾ ਸੁਣਾਈ ਦੇਣ ਲੱਗ ਪਈਆਂ ਪਰ ਮੁਸਾਫਿਰ ਅਡੋਲ ਰਹੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਾਰੇ ਮੁਸਾਫਿਰ ਇਕੱਤਰ ਹੋਏ। ਗ੍ਰੰਥੀ ਸਿੰਘ ਜੀ ਨੇ ਅਰਦਾਸਾ ਸੋਧਿਆ ਮੁੱਖ ਵਾਕ ਤੋਂ ਉਪ੍ਰੰਤ ਹਰ ਮੁਸਾਫਿਰ ਸ਼ਹੀਦੀ ਪਾਉਣ ਲਈ ਤਿਆਰ ਬਰ-ਤਿਆਰ ਹੋ ਗਿਆ। ਜੰਗੀ ਜਹਾਜ਼ ਦੇ ਫੌਜੀਆਂ ਨੇ ਸੜਦਾ ਬਲਦਾ ਪਾਣੀ ਨਿਹੱਥੇ ਮੁਸਾਫਿਰਾਂ ਦੇ ਉਤੇ ਸੁੱਟਣਾ ਸ਼ੁਰੂ ਕਰ ਦਿੱਤਾ। ਤੋਪ ਦਾ ਮੂੰਹ ਘੜੀ ਮੁੜੀ ਮੁਸਾਫਿਰਾਂ ਵਲ ਨੂੰ ਘੁਮਾ ਘੁਮਾ ਕੇ ਕੀਤਾ ਜਾਣ ਲੱਗਾ ਮਸ਼ੀਨ ਗੰਨਾ ਤੇ ਬੰਦੂਕਾਂ ਨਾਲ ਮੁਸਾਫਿਰਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ। ਮੁਸਾਫਿਰਾਂ ਦੀ ਦਰਿੜਤਾ ਵੇਖ ਕੇ ਜੰਗੀ ਬੇੜੇ ਦੇ ਜਰਨੈਲ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਮੁਸਾਫਿਰ ਡਰਨ ਵਾਲੇ ਨਹੀਂ। ਮਰਨ ਮਾਰਨ ਲਈ ਤਿਆਰ ਬੈਠੇ ਹਨ। ਤਦ ਉਸ ਨੇ ਸਾਰੇ ਹਾਲਾਤ ਸਰਕਾਰ ਨੂੰ ਦੱਸੇ ਤੇ ਕਿਹਾ ਕਿ ਕਾਮਾਗਾਟਾ ਮਾਰੂ ਤੇ ਹਮਲਾ ਕਰਨ ਨਾਲ ਮੁਸਾਫਿਰਾਂ ਦੀਆਂ ਲਾਸ਼ਾਂ ਹੀ ਲਾਸ਼ਾਂ ਹੱਥ ਆ ਸਕਣਗੀਆਂ ਅਤੇ ਇਸ ਜਹਾਜ਼ ਦੇ ਵਿੱਚ 30, 40 ਦੇ ਕਰੀਬ ਜਪਾਨੀ ਕਰਮਚਾਰੀ ਵੀ ਹਨ। ਜਦੋਂ ਸਰਕਾਰ ਦੇ ਸਾਰੇ ਹੀਲੇ ਨਾਕਾਮ ਹੋ ਗਏ ਤਾਂ ਰੇਨਬੋ ਜੰਗੀ ਜਹਾਜ਼ ਨੂੰ ਕਾਮਾਗਾਟਾ ਮਾਰੂ ਤੋਂ ਦੂਰ ਹਟਾ ਲਿਆ ਗਿਆ। ਕਾਮਾਗਾਟਾ ਮਾਰੂ ਦੇ ਮੁਸਾਫਿਰ ਆਪਣੇ ਘਰਾਂ ਦਾ ਸੱਭ ਕੁੱਝ ਵੇਚ ਵੱਟ ਕੇ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਨਿਕਲੇ ਸਨ, ਤਾਂ ਕਿ ਖੁਸ਼ਹਾਲ ਜੀਵਨ ਬਤੀਤ ਕਰ ਸਕਣ। ਪਰ ਸਿਰਫ 34 ਮੁਸਾਫਿਰਾਂ ਨੂੰ ਹੀ ਕੈਨੇਡਾ ਉਤਰਨ ਦੀ ਆਗਿਆ ਮਿਲੀ ਬਾਕੀ ਕਿਸੇ ਵੀ ਮੁਸਾਫਿਰ ਨੂੰ ਕੈਨੇਡਾ ਦੀ ਧਰਤੀ ਦੀ ਛੋਹ ਤੱਕ ਵੀ ਹਾਸਲ ਨਹੀਂ ਹੋ ਸਕੀ।

**ਵਾਪਸੀ:** ਇਮੀਂਗ੍ਰੇਸ਼ਨ ਵਿਭਾਗ ਦੇ ਰਾਹੀਂ ਔਟਵਾ ਤੋਂ ਬਾਬਾ ਜੀ ਨੂੰ ਸਿੱਧੀਆਂ ਤਾਰਾਂ ਆਈਆਂ ਜਿਸ ਰਾਹੀਂ ਕਾਮਾਗਾਟਾ ਮਾਰੂ ਨੂੰ ਵਾਪਸ ਲੈ ਜਾਣ ਦੀ ਮੰਗ ਕੀਤੀ ਗਈ। ਬਾਬਾ ਜੀ ਨੇ ਤਿੰਨ ਸ਼ਰਤਾਂ ਉੱਤਰ ਵਜੋਂ ਲਿਖ ਕੇ ਭੇਜੀਆਂ।1. ਵੈਨਕੂਵਰ ਤੋਂ ਹਾਂਗ ਕਾਂਗ ਤੱਕ ਪੂਰੀ ਖੁਰਾਕ ਦਾ ਸਮਾਨ ਰਾਸ਼ਨ ਤੇ ਪਾਣੀ ਦਿੱਤਾ ਜਾਵੇ। 2. ਸਾਡੇ ਹਿੰਦੀ ਕੈਨੇਡੀਅਨ ਵੀਰਾਂ ਨੂੰ ਜਹਾਜ਼ ਉਤੇ ਆ ਕੇ ਮਿਲਣ ਦੀ ਖੁਲ੍ਹ ਦਿੱਤੀ ਜਾਵੇ। 3. ਸਾਨੂੰ ਭਰੋਸਾ ਦਿਵਾਇਆ ਜਾਵੇ ਕਿ ਰਸਤੇ ਵਿੱਚ ਸਾਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਸਰਕਾਰ ਨੂੰ ਮਜਬੂਰਨ ਸ਼ਰਤਾਂ ਪਰਵਾਨ ਕਰਨੀਆਂ ਪਈਆਂ। 22 ਜੁਲਾਈ 1914 ਨੂੰ ਸਾਰਾ ਦਿਨ ਰਾਸ਼ਨ ਪਾਣੀ ਲਦੀਂਦਾ ਰਿਹਾ। ਪਿਛਲੇ ਦੋ ਮਹੀਨਿਆਂ ਤੋਂ ਜਲ ਕੈਦ ਵਿੱਚ ਜ਼ੁਲਮ ਤੇ ਤਸ਼ੱਦਦ ਨੂੰ ਹਿੰਮਤ ਤੇ ਦਲੇਰੀ ਨਾਲ ਸਹਿਣ ਕਰਦੇ ਹੋਏ ਵਤਨੀ ਵੀਰਾਂ ਜਿਹੜੇ ਕਿ ਨਿਰਾਸ਼ ਹੋ ਕੇ ਅੰਤਾਂ ਦੇ ਕਸ਼ਟ ਉਠਾ ਕੇ ਵਾਪਸ ਜਾ ਰਹੇ ਸਨ ਉਨ੍ਹਾਂ ਨਾਲ ਕੈਨੇਡਾ ਵਿੱਚ ਵਸਦੇ ਭਾਰਤੀ ਵੀਰਾਂ ਦਾ ਸਾਰਾ ਦਿਨ ਪਹਿਲਾ ਤੇ ਆਖਰੀ ਮੇਲ ਮਿਲਾਪ ਚਲਦਾ ਰਿਹਾ। 23 ਜੁਲਾਈ 1914 ਨੂੰ ਸਵੇਰ

ਦੇ ਪੰਜ ਵਜੇ ਕਾਮਾਗਾਟਾ ਮਾਰੂ ਦੋ ਮਹੀਨੇ ਵੈਨਕੂਵਰ ਦੀ ਖਾੜੀ ਵਿੱਚ ਖੜ੍ਹ ਕੇ ਵਾਪਸ ਤੁਰ ਪਿਆ। ਇਸ ਜਹਾਜ਼ ਦੇ ਤੁਰਨ ਸਮੇਂ ਮੁਸਾਫਿਰਾਂ ਦਾ ਆਖਰੀ ਹਸ਼ਰ ਵੇਖਣ ਲਈ ਤਮਾਸ਼ਬੀਨ ਗੋਰੇ 5 ਹਜ਼ਾਰ ਦੀ ਗਿਣਤੀ ਵਿੱਚ ਬੰਦਰਗਾਹ ਤੇ ਪੁੱਜੇ ਹੋਏ ਸਨ। ਰਸਤੇ ਵਿੱਚ ਸਮੁੰਦਰੀ ਤੂਫਾਨ ਦਾ ਮੁਕਾਬਲਾ ਕਰਦਾ ਹੋਇਆ ਕਾਮਾਗਾਟਾ ਮਾਰੂ 16 ਅਗਸਤ 1914 ਨੂੰ ਯੋਕੋਹਾਮਾ ਪੁੱਜ ਗਿਆ। ਇੱਥੇ ਪੁੱਜਦਿਆਂ ਹੀ ਅੰਗਰੇਜ਼ ਏਜੰਟ ਵਲੋਂ ਹੁਕਮ ਮਿਲਿਆ ਕਿ ਜਹਾਜ਼ ਨੂੰ ਹਾਂਗ ਕਾਂਗ ਨਾ ਲਿਆਂਦਾ ਜਾਵੇ ਹਾਲਾਂਕਿ ਵੈਨਕੂਵਰ ਤੋਂ ਤੁਰਨ ਸਮੇਂ ਕਾਮਾਗਾਟਾ ਮਾਰੂ ਨੂੰ ਹਾਂਗ ਕਾਂਗ ਲਈ ਰਾਹਦਾਰੀ ਮਿਲ ਗਈ ਸੀ। 165 ਮੁਸਾਫਿਰਾਂ ਨੇ ਹਾਂਗ ਕਾਂਗ ਤੋਂ ਹੀ ਸਫਰ ਸ਼ੁਰੂ ਕੀਤਾ ਸੀ ਤੇ ਉਹ ਉੱਥੇ ਹੀ ਵਾਪਸ ਜਾਣਾ ਚਾਹੁੰਦੇ ਸਨ। ਪਰ ਅਫਸੋਸ ਇੱਥੇ ਵੀ ਮੁਸਾਫਿਰਾਂ ਨੂੰ ਸਰਕਾਰ ਦੀ ਕੁਟਲ ਨੀਤੀ ਦਾ ਸਾਹਮਣਾ ਕਰਨਾ ਪਿਆ। 21 ਅਗਸਤ 1914 ਨੂੰ ਇਹ ਜਹਾਜ਼ ਕੋਬੇ ਦੀ ਬੰਦਰਗਾਹ ਤੇ ਜਾ ਪੁੱਜਾ। ਇੱਥੇ ਕਈ ਭਾਰਤੀ ਪਰਿਵਾਰ ਬੜੇ ਹੀ ਸੁਹਣੇ ਢੰਗ ਦਾ ਜੀਵਨ ਬਤੀਤ ਕਰ ਰਹੇ ਸਨ। ਉਨ੍ਹਾਂ ਸਭਨਾਂ ਨੇ ਰਲ ਕੇ ਸਾਰੇ ਮੁਸਾਫਿਰਾਂ ਦਾ ਬੜੇ ਹੀ ਸੁਚੱਜੇ ਢੰਗ ਨਾਲ ਸਵਾਗਤ ਕੀਤਾ। ਇੱਥੋਂ ਚੱਲ ਕੇ 16 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਸਿੰਘਾਪੁਰ ਦੀ ਖਾੜੀ ਅੰਦਰ ਜਾ ਪੁੱਜਾ। ਵੈਨਕੂਵਰ ਦੀ ਤਰ੍ਹਾਂ ਇੱਥੇ ਵੀ ਜਹਾਜ਼ ਨੂੰ ਬੰਦਰਗਾਹ ਤੋਂ ਤਿੰਨ ਮੀਲ ਹਟਵਾਂ ਹੀ ਖੜ੍ਹਾ ਕਰਨ ਦਾ ਹੁਕਮ ਮਿਲਿਆ। ਅਗਨ ਬੋਟਾ ਦੇ ਪਹਿਰੇ ਲਾ ਦਿੱਤੇ ਗਏ। ਆਪਣੇ ਕਾਰੋਬਾਰ ਦੇ ਸਿਲਸਿਲੇ ਵਿੱਚ ਬਾਬਾ ਜੀ ਤੇ ਹੋਰ ਕਈ ਮੁਸਾਫਿਰ ਇੱਥੇ ਉਤਰਨਾ ਚਾਹੁੰਦੇ ਸਨ ਪਰ ਹੁਣ ਅਜਿਹੇ ਹਾਲਾਤ ਹੋ ਗਏ ਸਨ ਕਿ ਅੰਗਰੇਜ਼ ਸਰਕਾਰ ਅੱਗੇ ਕੋਈ ਵੀ ਦਾਦ ਫਰਿਆਦ ਕਰਨੀ ਬੇਅਰਥ ਸੀ। ਕਿਸੇ ਵੀ ਮੁਸਾਫਿਰ ਨੂੰ ਇੱਥੇ ਨਹੀਂ ਉਤਰਨ ਦਿੱਤਾ ਗਿਆ। 19 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਕਲਕੱਤੇ ਲਈ ਰਵਾਨਾ ਹੋ ਗਿਆ। ਮੁਸਾਫਿਰਾਂ ਨੂੰ ਆਸ ਬੱਝ ਗਈ ਕਿ ਆਪਣੇ ਵਤਨ ਪੁੱਜਣ ਤੇ ਭਾਰਤ ਦੇ ਕੌਮੀ ਨੇਤਾ ਸਾਡਾ ਦੁੱਖ ਸੁਣਨਗੇ ਗੇ ਤੇ ਸਾਨੂੰ ਇਨਸਾਫ ਮਿਲੇਗਾ। 26 ਸਤੰਬਰ 1914 ਨੂੰ ਹਾਲੀ ਜਹਾਜ਼ ਕਲਕੱਤੇ ਤੋਂ ਤਕਰੀਬਨ 70 ਮੀਲ ਦੇ ਫਾਸਲੇ ਤੇ ਆਪਣੀ ਰਫਤਾਰ ਵਿੱਚ ਆ ਰਿਹਾ ਸੀ, ਕਿ ਅਚਾਨਕ ਹੀ ਇੱਕ ਅਗਨ ਬੋਟ ਵਿੱਚ ਬੈਠੇ ਗੋਰੇ ਅਫਸਰ ਨੇ ਸਿਗਨਲ ਦੇ ਕੇ ਜਹਾਜ਼ ਨੂੰ ਉੱਥੇ ਹੀ ਰੁਕਣ ਦਾ ਹੁਕਮ ਦੇ ਦਿੱਤਾ। ਰਾਤ ਭਰ ਜਹਾਜ਼ ਕਾਲਪੀ ਹੀ ਰੁਕਿਆ ਰਿਹਾ। ਅਗਲੇ ਦਿਨ 27 ਸਤੰਬਰ ਨੂੰ ਸਵੇਰੇ ਹੀ ਅੱਠ ਵਜੇ ਦੇ ਕਰੀਬ ਇੱਕ ਅਗਨਬੋਟ ਮਾਰੋ ਮਾਰ ਕਰਦਾ ਹੋਇਆ ਕਾਮਾਗਾਟਾ ਮਾਰੂ ਨਾਲ ਆ ਲੱਗਾ। ਇਸ ਵਿੱਚੋਂ ਕੁੱਝ ਗੋਰੇ ਤੇ ਕੁੱਝ ਸਿੱਖ ਪੁਲਿਸ ਦੇ ਬੰਦੇ ਸਨ ਜੋ ਦਗੜ ਦਗੜ ਕਰਦੇ ਜਹਾਜ਼ ਅੰਦਰ ਜਾ ਵੜੇ ਤੇ ਮੁਸਾਫਿਰਾਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। 28 ਸਤੰਬਰ ਨੂੰ ਵੀ ਸਾਰਾ ਦਿਨ ਤਲਾਸ਼ੀ ਹੁੰਦੀ ਰਹੀ ਪਰ ਤਲਾਸ਼ੀ ਵਿੱਚੋਂ ਕੋਈ ਵੀ ਅਜਿਹੀ ਚੀਜ਼ ਨਹੀਂ ਮਿਲੀ ਜਿਸ ਕਾਰਨ ਮੁਸਾਫਿਰਾਂ ਨੂੰ ਕੋਈ ਰੁਕਾਵਟ ਪਾਈ ਜਾ ਸਕਦੀ।

